*ਸੰਪਾਦਕੀ*

# ਦੇਸ਼ ਭਗਤ ਅਤੇ ਮਹਾਨ ਇਨਸਾਨ ਸੀ
# ਡਾ. ਅਬਦੁਲ ਕਲਾਮ

ਭਾਰਤ ਦੇ ਹੁਣ ਤੱਕ ਦੇ ਰਾਸ਼ਟਰਪਤੀਆਂ ਦੀ ਸੂਚੀ ਵਿੱਚ ਡਾ. ਅਬਦੁਲ ਕਲਾਮ ਇੱਕ ਅਲੱਗ ਚਿਹਰਾ ਜਾਪਦਾ ਹੈ। ਜਿੰਨੀ ਹਰਮਨ ਪਿਆਰਤਾ ਅਬਦੁਲ ਕਲਾਮ ਦੇ ਹਿੱਸੇ ਆਈ, ਬਿਆਨ ਕਰਨ ਵਾਸਤੇ ਸ਼ਬਦ ਵੀ ਬੌਣੇ ਹੋ ਜਾਂਦੇ ਹਨ। ਮਿਜ਼ਾਈਲ ਦੇ ਖੇਤਰ ਵਿੱਚ ਭਾਰਤ ਨੂੰ ਮਜ਼ਬੂਤ ਬਣਾਉਣ ਦਾ ਸਿਹਰਾ ਕਲਾਮ ਸਿਰ ਹੀ ਬੱਝਦਾ ਹੈ। 'ਮਿਜ਼ਾਈਲ ਮੈਨ' ਨੇ ਪ੍ਰਿਥਵੀ, ਅਗਨੀ ਅਤੇ ਪੋਖਰਨ ਪ੍ਰੋਜੈਕਟਾਂ ਦੀ ਸਫ਼ਲਤਾ ਲਈ ਵੱਡਾ ਯੋਗਦਾਨ ਪਾ ਕੇ ਸੱਚੇ ਸੁੱਚੇ ਦੇਸ਼ ਭਗਤ ਹੋਣ ਦਾ ਸਬੂਤ ਦਿੱਤਾ।

ਤਾਮਿਲਨਾਡੂ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਇਕ ਮਛੇਰੇ ਦੇ ਘਰ ਜਨਮ ਲੈ ਕੇ ਮੁੱਢਲੀ ਵਿਦਿਆ ਸਾਧਾਰਣ ਸਕੂਲ ਵਿੱਚੋਂ ਪ੍ਰਾਪਤ ਕਰਕੇ ਇੰਨੀ ਉੱਚੀ ਉਡਾਣ ਭਰਨਾ ਇਕ ਚਮਤਕਾਰ ਤੋਂ ਘੱਟ ਨਹੀਂ। ਵਿਦਿਅਕ ਅਦਾਰਿਆਂ ਵਿੱਚ ਵਿਚਰਦੇ ਹੋਏ ਵਿਦਿਆਰਥੀਆਂ ਨਾਲ ਬਿਤਾਏ ਪਲ ਉਹਨਾਂ ਲਈ ਸਭ ਤੋਂ ਵੱਧ ਹੁਸੀਨ ਪਲ ਹੁੰਦੇ ਸਨ। ਕੁਝ ਦਿਨ ਪਹਿਲਾਂ ਜਦ ਉਹਨਾਂ ਆਖਰੀ ਸਾਹ ਲਿਆ, ਉਸ ਸਮੇਂ ਵੀ ਉਹ ਵਿਦਿਆਰਥੀਆਂ ਨੂੰ 'ਲਾਈਫ਼ ਆਨ ਦੀ ਅਰਥ' ਵਿਸ਼ੇ ਸਬੰਧੀ ਸੰਬੋਧਨ ਕਰ ਰਹੇ ਸਨ। ਪੁਸਤਕਾਂ ਨਾਲ ਅੰਤਾਂ ਦਾ ਮੋਹ ਰੱਖਦੇ ਸਨ ਅਤੇ ਖੁਦ ਦਰਜਨ ਪੁਸਤਕਾਂ ਦੀ ਰਚਨਾ ਕੀਤੀ। ਕਲਾਮ ਦੀ ਸਵੈ ਜੀਵਨੀ 'ਅਗਨੀ ਪੰਖ' ਹਰ ਪਾਠਕ ਲਈ ਪ੍ਰੇਰਣਾ ਸਰੋਤ ਵਾਂਗ ਹੈ। ਭਾਰਤ ਵਾਸਤੇ ਉਸ ਦੇ ਤਿੰਨ ਸੁਪਨੇ ਸਨ। ਪਹਿਲਾ, ਸੁਤੰਤਰ ਭਾਰਤ ਵਿੱਚ ਰਹਿੰਦੇ ਹੋਏ ਦੂਸਰਿਆਂ ਦੀ ਸੁਤੰਤਰਤਾ ਦਾ ਸਨਮਾਨ ਕਰੀਏ। ਦੂਸਰਾ, ਭਾਰਤ ਵਿਕਸਤ ਦੇਸ਼ ਹੋਵੇ। ਤੀਸਰਾ, ਭਾਰਤ ਸੈਨਿਕ ਸ਼ਕਤੀ ਦੇ ਰੂਪ ਵਿੱਚ ਤਾਕਤਵਰ ਹੋਵੇ ਅਤੇ ਨਾਲ ਦੀ ਨਾਲ ਆਰਥਿਕ ਸ਼ਕਤੀ ਦੇ ਰੂਪ ਵਿੱਚ ਵੀ। 'ਏ ਪਰੈਜੀਡੈਂਟ ਸਪੀਕਸ' ਵਿੱਚ ਕਲਾਮ ਨੇ ਲਿਖਿਆ ਹੈ :

"ਇਹ ਪੁੱਛੋ ਕਿ ਅਸੀਂ ਭਾਰਤ ਲਈ ਕੀ ਕਰ ਸਕਦੇ ਹਾਂ ਅਤੇ ਓਹ ਕਰੋ ਜੋ ਭਾਰਤ ਨੂੰ ਉਸ ਵਰਗਾ ਬਣਾਉਣ ਲਈ ਸਾਨੂੰ ਕਰਨਾ ਪਵੇਗਾ ਜੋ ਅਮਰੀਕਾ ਅਤੇ ਦੂਜੇ ਪੱਛਮੀ ਦੇਸ਼ ਅੱਜ ਹਨ।"

ਵਿਭਿੰਨ ਇਨਾਮ ਅਤੇ ਪੁਰਸਕਾਰ ਉਸ ਦੀ ਸ਼ਾਨਦਾਰ ਜ਼ਿੰਦਗੀ ਦੇ ਵਿਭਿੰਨ ਮੀਲ ਪੱਥਰ ਹਨ। ਸਾਲ 1997 ਵਿੱਚ ਉਸ ਨੂੰ 'ਭਾਰਤ ਰਤਨ' ਦਾ ਸਨਮਾਨ ਪ੍ਰਦਾਨ ਕੀਤਾ ਗਿਆ।

ਇੱਕ ਰਾਸ਼ਟਰਪਤੀ ਵਜੋਂ ਦੇਸ਼ ਵਿਦੇਸ਼ ਵਿੱਚ ਕਲਾਮ ਨੇ 'ਰਾਸ਼ਟਰਪਤੀ' ਦੇ ਅਹੁਦੇ ਦਾ ਸਨਮਾਨ ਵਧਾਇਆ। ਸਾਦਗੀ ਦਾ ਚਿੰਨ੍ਹ ਰਾਸ਼ਟਰਪਤੀ ਭਵਨ ਛੱਡਣ ਸਮੇਂ ਇਕ ਅਟੈਚੀ ਹੱਥ ਵਿੱਚ ਫੜ੍ਹੀ ਨਜ਼ਰ ਆਇਆ। ਵਾਤਾਵਰਣ ਪ੍ਰੇਮੀ ਕਲਾਮ ਭਾਰਤ ਵਾਸੀਆਂ ਨੂੰ ਸੁਨੇਹਾ ਦਿੰਦਾ ਰਿਹਾ ਕਿ ਸਾਨੂੰ ਕੋਈ ਹੱਕ ਨਹੀਂ ਕਿ ਅਸੀਂ ਪ੍ਰਕਿਰਤੀ ਵੱਲੋਂ ਮਿਲੇ ਤੋਹਫ਼ਿਆਂ ਨੂੰ ਪ੍ਰਦੂਸ਼ਤ ਕਰੀਏ। ਦੋ ਵਾਰ ਸੁਲਤਾਨਪੁਰ (ਪੰਜਾਬ) ਵਿੱਚ ਆ ਕੇ ਵਾਤਾਵਰਣ ਪ੍ਰੇਮੀ ਬਲਬੀਰ ਸਿੰਘ ਸੀਚੇਵਾਲ ਵੱਲੋਂ ਕਾਲੀ



ਵੇਈਂ ਨੂੰ ਸਵੱਛ ਕਰਨ ਦੇ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ।

ਰਾਮੇਸ਼ਵਰਮ (ਤਾਮਿਲਨਾਡੂ)

ਵਿੱਚ ਡਾ. ਅਬਦੁਲ ਕਲਾਮ ਦੀ ਸਮਾਧ ਨੂੰ ਵੱਖਰਾ ਹੀ ਦਰਜਾ ਪ੍ਰਾਪਤ ਹੈ। ਜੋ ਵਿਅਕਤੀ ਰਮੇਸ਼ਵਰਮ ਦੇ ਰੇਲਵੇ ਸਟੇਸ਼ਨ ਤੇ ਜਾਂਦਾ ਹੈ, ਉਹ ਕਲਾਮ ਦੀ ਸਮਾਧ 'ਤੇ ਜ਼ਰੂਰ ਜਾਂਦਾ ਹੈ। ਨੇੜੇ ਤੇੜੇ ਦੇ ਸਕੂਲਾਂ-ਕਾਲਜਾਂ ਦੇ ਬੱਚਿਆਂ ਤੋਂ ਇਲਾਵਾ ਸੈਲਾਨੀ ਵੱਡੀ ਗਿਣਤੀ ਵਿੱਚ ਉਥੇ ਜਾਂਦੇ ਹਨ। ਸਮਾਧ ਬਣਨ ਨਾਲ ਆਮ ਲੋਕਾਂ ਨੂੰ ਵੀ ਰੁਜ਼ਗਾਰ ਮਿਲ ਗਿਆ ਹੈ। ਖਾਣ ਪੀਣ ਦੇ ਸਟਾਲ ਲੱਗ ਗਏ ਹਨ। ਆਟੋ ਰਿਕਸ਼ਾ ਵਾਲੇ ਮੋਟੀ ਕਮਾਈ ਕਰ ਰਹੇ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਮਰ ਕੇ ਵੀ ਡਾ. ਅਬਦੁਲ ਕਲਾਮ ਅਮਰ ਹੋ ਗਏ ਹਨ। ਅਬਦੁਲ ਕਲਾਮ ! ਅਦਾਰਾ 'ਰੂਹ ਪੰਜਾਬੀ' ਵੱਲੋਂ ਤੈਨੂੰ ਸੱਚੀ ਸੁੱਚੀ ਸਲਾਮ।

**- ਸਤਵਿੰਦਰ ਬੇਗੋਵਾਲੀਆ**

◆◆◆

## ਪੁਸਤਕ ਪ੍ਰਾਪਤੀ

| | | | |
|---|---|---|---|
| 1. | ਸਾਹਿੱਤ ਸਮੀਖਿਆ | – | ਡਾ. ਜਸਵੰਤ ਬੇਗੋਵਾਲ |
| 2. | ਸ਼ਬਦਾਂ ਦੇ ਰਾਹ (ਕਾਵਿ ਸੰਗ੍ਰਹਿ) | – | ਰਵੇਲ ਸਿੰਘ ਇਟਲੀ |
| 3. | ਮੇਰੇ ਗੀਤ ਤੇਰੇ ਗੀਤ | – | ਹਰਭਜਨ ਸਿੰਘ ਹੁੰਦਲ |
| 4. | ਸੋਚ ਦੇ ਸਮੁੰਦਰ 'ਚੋਂ (ਨਿਬੰਧ ਸੰਗ੍ਰਹਿ) | – | ਨਿੰਮਾ ਡੱਲੇਵਾਲਾ |
| 5. | ਰੂਹ ਦੇ ਰਿਸ਼ਤੇ (ਕਾਵਿ ਸੰਗ੍ਰਹਿ) | – | ਮਨਜੀਤ ਕੌਰ ਗਿੱਲ |
| 6. | ਸੂਲ ਸੁਰਾਹੀ (ਤ੍ਰੈਮਾਸਿਕ) | – | ਸੰਪਾਦਕ ਬਲਬੀਰ ਸਿੰਘ ਸੈਣੀ |
| 7. | ਛਿਣ (ਤਿਮਾਹੀ) | – | ਮੁੱਖ ਸੰਪਾਦਕ ਤ੍ਰਿਪਤ ਭੱਟੀ<br>ਸੰਪਾਦਕ - ਹਰਪ੍ਰੀਤ ਸਿੰਘ ਰਾਣਾ ਅਤੇ ਦਵਿੰਦਰ ਪਟਿਆਲਵੀ |
| 8. | ਛੋਟੇ ਲੋਕ (ਮਿੰਨੀ ਕਹਾਣੀ ਸੰਗ੍ਰਹਿ) | – | ਦਵਿੰਦਰ ਪਟਿਆਲਵੀ |

## ਆਰਥਿਕ ਸਹਾਇਤਾ

| | | |
|---|---|---|
| ਡਾ. ਸਰੂਪ ਸਿੰਘ ਖਾਸਰੀਆ | – | 3100 ਰੁਪਏ |
| ਪ੍ਰਸ਼ੋਤਮ ਪੱਤੋ | – | 200 ਰੁਪਏ |
| ਮੈਡਮ ਰਾਜਵਿੰਦਰ ਕੌਰ | – | 400 ਰੁਪਏ |

*ਸਾਹਿਤ ਨੂੰ ਸਮਰਪਿਤ*

## ਸਾਹਿਤ ਦੇ ਬੋਲ ਪਿਆਰੇ ਨੇ

**ਸਤਵਿੰਦਰ ਬੇਗੋਵਾਲੀਆ**



ਸਾਹਿਤ ਦੇ ਬੋਲ ਪਿਆਰੇ ਨੇ
ਇਹ ਜ਼ਮੀਨ 'ਤੇ ਸਿਤਾਰੇ ਨੇ।

ਇਹ ਜਦ ਰੰਗਤ ਵਿਖਾਉਂਦੇ ਨੇ
ਪੱਥਰਾਂ ਨੂੰ ਵੀ ਪਿਘਲਾਉਂਦੇ ਨੇ।
ਰਾਖਸਾਂ ਨੂੰ ਦੇਵ ਬਣਾਉਂਦੇ ਨੇ
ਇਹਦੇ ਅਜਬ ਹੀ ਵਰਤਾਰੇ ਨੇ।
ਸਾਹਿਤ ਦੇ ਬੋਲ......

ਇਹ ਅੱਗਾਂ ਨੂੰ ਵੀ ਠਾਰਦੇ
ਜਦ ਆਪਣਾ ਛਿੱਟਾ ਮਾਰਦੇ।
ਰੁਖ ਬਦਲਦੇ ਵਿਹਾਰ ਦੇ
ਇਹਨਾਂ ਡੁੱਬਦੇ ਬੰਦੇ ਤਾਰੇ ਨੇ।
ਸਾਹਿਤ ਦੇ ਬੋਲ....

ਇਹ ਰੂਪ ਵੱਲੋਂ ਫ਼ਕੀਰ ਵੀ
ਵਗਦੀ ਗੰਗਾ ਦਾ ਨੀਰ ਵੀ।
ਬਣ ਜਾਂਦੇ ਕਦੇ ਤਾਂ ਤੀਰ ਵੀ
ਇਹਦੇ ਰੰਗ ਹੀ ਨਿਆਰੇ ਨੇ।
ਸਾਹਿਤ ਦੇ ਬੋਲ....

ਇਹਨੂੰ ਮੰਚ ਤੇ ਜੋ ਲਿਆਉਂਦਾ ਏ
ਲੋਕਾਂ ਤਾਈਂ ਸੁਨੇਹਾ ਪਹੁੰਚਾਉਂਦਾ ਏ।
ਸਾਰੇ ਚਮਨ ਨੂੰ ਰੁਸ਼ਨਾਉਂਦਾ ਏ
ਯਤਨ ਉਹਦੇ ਵੀ ਵਾਰੇ ਵਾਤ ਨੇ।
ਸਾਹਿਤ ਦੇ ਬੋਲ.......

**ਸੰਪਰਕ** 98154-65620

◆◆◆



# ਕਾਵਿ ਸੰਸਾਰ

## ਪੂਰਨ ਦਾ ਬਾਗ਼

***ਕੁਲਵੰਤ ਸਿੰਘ ਔਜਲਾ***

ਉਜੜ ਗਿਆ ਤੇਰਾ ਹਰਿਆ ਭਰਿਆ, ਢਾਈ ਆਬਾਂ ਦਾ ਬਾਗ਼ ਵੇ ਪੂਰਨ
ਲਹੂਆਂ ਦੇ ਵਿੱਚ ਰਚ ਗਿਆ ਜਾਪੇ, ਪੱਤਝੜ ਜੇਹਾ ਵੈਰਾਗ ਵੇ ਪੂਰਨ
ਟਹਿਣੀਆਂ ਦੇ ਵਿੱਚ ਮੋਹ ਨਾ ਬਚਿਆ, ਲਗਰਾਂ ਵਿੱਚ ਵਿਦਰੋਹ ਨਾ ਬਚਿਆ
ਵਿੱਚ ਜੜ੍ਹਾਂ ਦੇ ਬੈਠ ਗਿਆ ਹੈ, ਅਤਿ ਜ਼ਹਿਰੀਲਾ ਨਾਗ ਵੇ ਪੂਰਨ
ਕੌਣ ਦੇਸ਼ ਵਿੱਚ ਜੋਗ ਕਮਾਵੇ, ਮਾਂ ਇੱਛਰਾਂ ਨੂੰ ਭੁੱਲਦਾ ਜਾਵੇਂ
ਅੰਨ੍ਹੀ ਮਾਂ ਦੀਆਂ ਅੱਖਾਂ ਦੇ ਵਿੱਚ, ਲੋਅ ਦਾ ਬਾਲ ਚਿਰਾਗ ਵੇ ਪੂਰਨ
ਬਾਰ ਬਾਰ ਅਸੀਂ ਅੰਗ ਕਟਵਾਏ, ਬਾਰ ਬਾਰ ਅਸੀਂ ਨਕਸ਼ ਗਵਾਏ
ਆਪਣੀ ਹੋਂਦ ਬਚਾਵਣ ਦੇ ਲਈ, ਹੋਇਆ ਨਾ ਸਾਥੋਂ ਜਾਗ ਵੇ ਪੂਰਨ
ਸੋਚ ਸੋਚ ਕੇ ਘਸ ਗਏ ਮੱਥੇ, ਤੀਰ ਨਾ ਤਰਕਸ਼ ਖਾਲੀ ਭੱਥੇ
ਯਾਦਾਂ ਦਿਆਂ ਬਨੇਰਿਆਂ ਉੱਤੇ, ਹੁਣ ਨਾ ਬੋਲਣ ਕਾਗ ਵੇ ਪੂਰਨ
ਘਰ ਘਰ ਅੰਦਰ ਭੋਰੇ ਬਣ ਗਏ, ਦਿਲ ਦਰਿਆ ਹਟਕੋਰੇ ਬਣ ਗਏ
ਪਾਕ ਪ੍ਰੀਤ ਦੇ ਸੂਚਕ ਨਗ਼ਮੇ ਹੋ ਗਏ ਦਾਗੋ ਦਾਗ ਵੇ ਪੂਰਨ
ਨਸ਼ਿਆਂ ਚੂਸ ਲਏ ਨੇ ਖ਼ਾਬ, ਕਰਜ਼ਿਆਂ ਲੂਹ ਦਿੱਤਾ ਪੰਜਾਬ
ਹੰਝੂਆਂ ਦੇ ਨਾਲ ਗੁੰਨਣ ਆਟਾ ਦੇਖ ਮਾਵਾਂ ਦੇ ਭਾਗ ਵੇ ਪੂਰਨ
ਨਾਨਕ ਬੁੱਲ੍ਹਾ ਵਾਰਿਸ ਆਏ, ਸਰਬ ਸਾਂਝਾ ਇਤਿਹਾਸ ਲਿਆਏ
ਕੌਣ ਨਿਚੋੜ ਗਿਆ ਰੱਤ ਸਾਰੀ, ਲੱਭਦਾ ਨਹੀਂ ਸੁਰਾਗ ਵੇ ਪੂਰਨ
ਜਾਪੇ ਦੁਨੀਆਂ ਪੱਥਰ ਹੋਈ, ਕੁੱਖਾਂ ਕਰਨ ਕਿੱਥੇ ਅਰਜ਼ੋਈ
ਪੌਂਡ ਡਾਲਰਾਂ ਦੀ ਮੰਡੀ ਵਿੱਚ, ਵਿਕਦੇ ਫਿਰਨ ਸੁਹਾਗ ਵੇ ਪੂਰਨ
ਹੁਣ ਤਾਂ ਬੱਸ ਮੈਂ ਏਹੋ ਚਾਹਵਾਂ ਕਰਦਾ ਹਾਂ ਹਰ ਰੋਜ਼ ਦੁਆਵਾਂ
ਰਹਿਣ ਧੜਕਦੇ ਰੂਹ-ਅੰਦਰ ਵਿੱਚ ਰਾਗਣੀਆਂ ਤੇ ਰਾਗ ਵੇ ਪੂਰਨ

**97, ਮਾਡਲ ਟਾਊਨ**
**ਕਪੂਰਥਲਾ**-144601

◆◆◆

# ਆਜ਼ਾਦੀ ਦਿਵਸ

**ਪੋਰਿੰਦਰ ਕੁਮਾਰ**

ਇਹ ਮਹਿਜ ਵਹਿਮ ਸੀ ਮੇਰਾ
ਜਾਂ ਕੋਈ ਇਤਫ਼ਾਕ ਸੀ।
ਕੋਈ ਸੁਪਨਾ ਸੀ
ਜਾਂ ਕੋਈ ਹਕੀਕਤ
ਜੋ ਸੰਭਵ ਤਾਂ ਨਹੀਂ ਪਰ
ਚਮਤਕਾਰ ਹੋਣ ਦਾ ਭੁਲੇਖਾ
ਪਾਉਂਦੀ ਹੋਈ ਬੁਝਾਰਤ ਵੀ
ਹੋ ਸਕਦੀ ਹੈ।
ਆਜ਼ਾਦੀ ਦਿਵਸ ਦੀ ਕੁਝ ਦਿਨ
ਪੂਰਵ ਸੰਧਿਆ ਤੇ
ਭਗਤ ਸਿੰਘ ਦੀ ਰੂਹ ਦੇ
ਦਰਸ਼ਨ ਹੋਣ ਨੂੰ ਮੈਂ
ਸੁਭਾਗ ਸਮਝਾਂ ਜਾਂ
ਕਿਰਕਿਰੀ
ਮੈਂ ਬਦਕਿਸਮਤ
ਕੀ ਦਸਾਂ ਸ਼ਹੀਦ ਰੂਹ ਨੂੰ
ਜੇ ਉਹ ਪੁਛੇ ਸ਼ਹੀਦਾਂ ਦੇ
ਸੁਪਨਿਆਂ ਦੀ ਆਜ਼ਾਦੀ ਦਾ ਹਾਲ।
ਕੀ ਕਹਿ ਦੇਵਾਂ ਸਭ ਠੀਕ ਹੈ।
ਮਜ਼ੇ ਲੁੱਟ ਰਹੇ ਨੇ
ਆਜ਼ਾਦੀ ਦੀ ਵਾਗਡੋਰ ਸਾਂਭਣ ਵਾਲੇ।
ਤੇਰੀ ਕੁਰਬਾਨੀ ਦਾ
ਪੂਰਾ ਮੁੱਲ ਵੱਟ ਰਹੇ ਨੇ
ਤੇਰੇ ਵਾਰਸ ਹੋਣ ਦੇ ਦਾਅਵੇਦਾਰ।
ਹਰ ਸਾਲ ਤੇਰੀ ਬਰਸੀ ਤੇ
ਵੀ ਆਈ ਪੀ ਘੂੰ ਘੂੰ ਕਰਦੀਆਂ
ਗੱਡੀਆਂ ਵਿੱਚ ਜਾ ਕੇ
ਤੇਰੀ ਅਤੇ ਸਾਥੀਆਂ ਦੀ
ਸਮਾਧ ਤੇ
ਸ਼ਰਧਾ ਸੁਮਨ ਰੱਖ
ਰਸਮੀ ਸੌਂਹ ਚੁੱਕ
ਬਿਆਨ ਦਾਗ ਕੇ
ਅਗਲੇ ਦਿਨ ਦੇ ਅਖਬਾਰਾਂ ਵਿੱਚ
ਖਿਚੀਆਂ ਫੋਟੋਆਂ ਛਪਵਾ ਕੇ
ਖੁਸ਼ ਹੋ ਜਾਂਦੇ ਨੇ।
ਵੋਟਾਂ ਦੇ ਐਲਾਨ ਹੁੰਦਿਆਂ ਹੀ
ਭਗਤ ਸਿੰਘ
ਸਭ ਲੀਡਰਾਂ ਦਾ ਆਦਰਸ਼
ਬਣ ਜਾਂਦਾ ਹੈ ਤੇ
ਤੇਰੀ ਸੋਚ ਤੇ ਠੋਕ ਕੇ
ਪਹਿਰਾ ਦੇਣ ਦੇ ਨਾਹਰੇ ਵੀ ਲਗਦੇ ਨੇ
ਪਰਚਮ ਵੀ ਲਹਿਰਾਏ ਜਾਂਦੇ ਨੇ।
ਪਰ ਨਾਲ ਹੀ ਮਨ ਵਿੱਚ
ਲੋਕ ਰਾਜੀ ਕਦਰਾਂ ਕੀਮਤਾਂ ਦਾ
ਘਾਣ ਕਰਕੇ ਕੁਰਸੀ ਲੁੱਟਣ ਦੇ
ਮਨਸੂਬੇ ਵੀ ਘੜੇ ਜਾਂਦੇ ਨੇ।
ਕੀ ਕਹਿ ਦੇਵਾਂ ਕਿ
ਸਭ ਅੱਛਾ ਹੈ
ਪਰ ਕੀ ਇਹ ਵੀ ਕਹਿ ਦੇਵਾਂ
ਕਿ ਗੋਰਿਆਂ ਤੋਂ ਵੱਧ ਕਾਲੇ
ਭਾਰਤ ਦੀਆਂ ਜੜ੍ਹਾਂ
ਖੋਖਲੀਆਂ ਕਰਨ ਵਿੱਚ
ਖੁਸ਼ੀ ਮਹਿਸੂਸ ਕਰ ਰਹੇ ਨੇ।
ਫਰਕ ਸਿਰਫ ਏਨਾ ਹੈ ਕਿ
ਗੋਰੇ ਲੁੱਟ ਦਾ ਮਾਲ
ਇੰਗਲੈਂਡ ਭੇਜ ਰਹੇ ਸੀ ਤੇ ਕਾਲੇ
ਆਪਣਾ ਹੀ ਘਰ ਲੁੱਟ ਕੇ
ਸਵਿਸ ਬੈਂਕਾਂ ਚ
ਤੇ ਭੁੱਖਾ ਹੁਸਨ
ਰੂੜੀਆਂ ਤੇ ਮਸਤੀ ਮਾਰ ਰਿਹਾ ਹੈ।
ਬਚਪਨ ਢਾਬਿਆਂ, ਭੱਠਿਆਂ, ਗਟਰਾਂ,
ਫੁਟਪਾਥਾਂ ਤੇ ਮਸਤੀ ਕਰਕੇ



ਆਜ਼ਾਦੀ ਦੇ ਜਸ਼ਨਾਂ ਵਿੱਚ
ਗੜੁਚ ਹੋਣ ਲਈ ਤਰਲੋ ਮੱਛੀ ਹੋ ਰਿਹਾ ਹੈ।
ਹੇ ਸ਼ਹੀਦ ਆਤਮਾ
ਮੈਨੂੰ ਮਾਫ਼ ਕਰੀਂ ਜੇ
ਤੇਰੇ ਸੁਪਨਿਆਂ ਦੇ
ਭਾਰਤ ਬਾਰੇ ਅਣਜਾਣਪੁਣੇ ਵਿੱਚ
ਕੁਝ ਗੁਸਤਾਖ਼ੀ ਕਰ ਬੈਠਾ ਹੋਵਾਂ
ਕਿਉਂਕਿ ਮੈਂ ਮਾਸੂਮ ਨੇ
ਆਜ਼ਾਦ ਭਾਰਤ ਵਿੱਚ
ਜਨਮ ਲਿਆ ਹੈ
ਜਿਥੇ ਬਾਬੇ ਪਿਤਾ ਮਾਤਾਵਾਂ ਬਾਪੂ
ਘਰਾਂ ਤੋਂ ਬਾਹਰ ਡੇਰਿਆਂ ਅਤੇ
ਕਥਿਤ ਆਸ਼ਰਮਾਂ ਵਿੱਚ ਤਾਂ ਲੱਭ ਜਾਂਦੇ ਨੇ
ਪਰ ਘਰਾਂ 'ਚ ਨਹੀਂ।
ਦੁੱਧ ਪੱਥਰਾਂ ਤੇ ਡੋਲਣ ਲਈ ਤਾਂ ਹੈ
ਪਰ ਵਿਲਕਦੇ ਭੁੱਖੇ ਬਾਲ ਲਈ ਨਹੀਂ।

**102, ਗਰੀਨ ਐਵਨਿਊ**
**ਬੀਬੀ ਵਾਲਾ ਰੋਡ ਬਠਿੰਡਾ**
**ਮੋਬਾ :** 9501000276

◆◆◆

# ਬਾਤ ਪਾਵਾਂ

**ਜਗਜੀਤ ਸਿੰਘ ਗੁਰਮ**



ਬਾਤ ਪਾਵਾਂ ਬਤੋਲੀ ਪਾਵਾਂ।
ਸੱਚੋ ਸੱਚੀ ਗੱਲ ਸੁਣਾਵਾਂ।
ਸਾਡੇ ਪਿੰਡ ਜਦ ਖੂਹ ਹੁੰਦੇ ਸੀ।
ਰੌਣਕ ਵਾਲੇ ਜੂਹ ਹੁੰਦੇ ਸੀ।
ਜੂਹਾਂ ਦੇ ਵਿੱਚ ਮੱਝਾਂ-ਗਾਵਾਂ।
ਛੇੜੂ ਫਿਰਦੇ ਵਾਂਗ ਹਵਾਵਾਂ।
ਬਲਦਾਂ ਦੇ ਗੱਲ ਟੱਲੀਆਂ ਦਾ ਹੁਣ
ਸੁਣੇ ਸੰਗੀਤ ਨਾ ਵਿੱਚ ਫਿਜਾਵਾਂ।
ਬਾਤ ਪਾਵਾਂ...।
ਚੱਲਦੇ ਖੂਹ ਦੀ ਅਜਬ ਕਹਾਣੀ।
ਠੰਢਾ ਮਿੱਠਾ ਸੁੱਚਾ ਪਾਣੀ।
ਸਭ ਨੇ ਆਪਣੀ ਗੱਲ ਸੁਣਾਉਣੀ।
ਕੁੜੀਆਂ ਚਿੜੀਆਂ ਝੁਰਮਟ ਪਾਉਣੀ।
ਕੱਪੜੇ ਧੋਂਦੀਆਂ ਫਿਰਦੀਆਂ ਮਾਵਾਂ।
ਕਿਧਰੇ ਧੁੱਪਾਂ ਕਿਧਰੇ ਛਾਵਾਂ।
ਭਰ ਭਰ ਆਉਂਦੀਆਂ ਟਿੰਡਾਂ ਵਰਗੇ
ਵਾਅਦੇ ਕਿਥੋਂ ਲਭ ਲਿਆਵਾਂ।
ਬਾਤ ਪਾਵਾਂ...।
ਖੇਤਾਂ ਵਿੱਚ ਨਾ ਦਿੱਸਦੀਆਂ ਮੱਕੀਆਂ।

ਪਿੰਡ ਦੀਆਂ ਭੱਠੀਆਂ ਥੱਕੀਆਂ ਥੱਕੀਆਂ।
ਸਾਝਾਂ ਦੀ ਮੁਕ ਗਈ ਕਹਾਣੀ।
ਹਰ ਘਰ ਦੇ ਵਿੱਚ ਉਲਝੀ ਤਾਣੀ।
ਸੱਥਾਂ ਵਿੱਚ ਅਪਣੱਤ ਰਹੀ ਨਾ।
ਬਸ ਕਰ 'ਗੁਰਮਾ' ਹੋਰ ਕਹੀਂ ਨਾ।
ਸੋਚਾਂ ਕਿਹੜੀ ਦਿਸ਼ਾ ਨੂੰ ਜਾਵਾਂ
ਜਿਥੋਂ ਲੱਭ ਉਹ ਦਿਨ ਲੈ ਆਵਾਂ।
ਬਾਤ ਪਾਵਾਂ ਬਤੋਲੀ ਪਾਵਾਂ।
ਸੱਚੋ ਸੱਚੀ ਗੱਲ ਸੁਣਾਵਾਂ।

ਮ. ਨੰ. 1008/24/2
**ਗਲੀ ਨੰ . 8, ਬਾਲ ਸਿੰਘ, ਨਗਰ**
**ਬਸਤੀ ਜੋਧੇਵਾਲ,**
**ਲੁਧਿਆਣਾ।**

◆◆◆

## ਆਪਣੇ ਰਾਹਾਂ ਤੇ

**ਬਬਲਾ ਬੇਗੋਵਾਲ**



ਖਾ ਕੇ ਠੋਕਰ ਚੱਲੇ ਹਾਂ ਸ਼ਹਿਰ ਤੇਰੇ ਚੋਂ
ਸਾਡੇ ਸਿਰ ਤੇਰੇ ਕੀਤੇ ਹੋਏ ਅਹਿਸਾਨ ਬਹੁਤ ਨੇ
ਜੋ ਰਹਿ ਗਏ ਦਿਲ ਵਿੱਚ ਸਾਡੇ
ਹੋਏ ਨਾ ਅੱਜ ਤੱਕ ਜੋ ਪੂਰੇ ਅਰਮਾਨ ਬਹੁਤ ਨੇ।
ਬਣਾ ਆਪਣਾ ਗੈਰਾਂ ਵਾਲਾ ਸਲੂਕ ਕਰਦੇ,
ਪਰ ਫਿਰ ਵੀ ਉਹਦੇ ਜਿਹੇ ਬੇਮਤਲਬ ਤੇ ਬੁਜ਼ਬਾਨ ਬਹੁਤ ਨੇ।
ਬੜਾ ਸਮਝਾਇਆ ਐ ਦਿਲ ਭੁਲ ਜਾ ਜ਼ਮਾਨੇ ਨੂੰ,
ਇਸ ਜ਼ਮਾਨੇ ਵਿੱਚ ਦਰਦੀ ਥੋੜ੍ਹੇ ਤੇ ਸ਼ੈਦਾਨ ਬਹੁਤ ਨੇ।
ਕਿਉਂ ਹੋਈ ਜਾਵੇਂ ਤੂੰ ਖਾਕ ਦੀ ਢੇਰੀ ਸੜ ਸੜ,
ਤੇਰੀ ਅਰਥੀ ਨੂੰ ਦੇਣ ਵਾਲੇ ਕੰਧੇ ਤੇ ਸ਼ਮਸ਼ਾਨ ਬਹੁਤ ਨੇ।
ਚਲਦਾ ਜਾ ਤੂੰ ਬਬਲੇ ਆਪਣੇ ਰਾਹਾਂ ਤੇ
ਤੇਰੇ ਨਾਲ ਜਾਣ ਨੂੰ ਤੇਰੇ ਜਿਹੇ ਮਹਿਮਾਨ ਬਹੁਤ ਨੇ।

**99154-28009**

◆◆◆



## ਫ਼ਿਰਕਾ ਪ੍ਰਸਤੀ ਦੀ ਅੱਗ

**ਸ਼ਿਵਨਾਥ**

ਹਵਾ ਹੈ ਵਾਹਨ ਅਗਨੀ ਦਾ
ਜਿਦ੍ਹੇ ਤੇ ਚੜ੍ਹਕੇ ਉਹ ਅਕਸਰ
ਪਲਾਂ ਵਿੱਚ ਦੂਰ ਜਾਂਦੀ ਹੈ
ਤੇ ਝੁਗੀਆਂ ਸਾੜਦੀ ਪੱਕੇ ਘਰਾਂ ਨੂੰ
ਅੱਗ ਲਾਂਦੀ ਹੈ।
ਇਹ ਮੀਲਾਂ ਤੀਕ ਜੰਗਲ ਫੂਕਦੀ ਵੀ
ਸਾਹ ਨਹੀਂ ਲੈਂਦੀ
ਤੇ ਅੱਗੇ, ਹੋਰ ਅਗੇ, ਬਹੁਤ ਅਗੇ
ਨਿਕਲ ਜਾਂਦੀ ਹੈ।
ਖ਼ੁਦਾਇਆ!
ਰੋਕ ਕੇ ਐਸੀ ਹਵਾ ਨੂੰ
ਭਸਮ ਕਰ ਅਗਨੀ
ਜੋ ਸਾਨੂੰ ਨਿੱਤ ਨਵੇਂ ਕਤਲਾਮ ਦੇ
ਮੰਜ਼ਰ ਵਿਖਾਂਦੀ ਹੈ।
ਤੇ ਚਾਹਦੀ ਹੈ ਕਿ ਸਾਨੂੰ ਫੇਰ
ਮੁੜ ਕੇ ਹੋਸ਼ ਨਾ ਆਵੇ!

**96538-70627**

◆◆◆

## ਬਾਰਾਂ ਮਾਸੀ

**ਪ੍ਰਸ਼ੋਤਮ ਪੱਤ**



ਮਿਹਨਤ ਕਰਕੇ ਖੁਸ਼ੀ ਬਦਲੇ ਮਿਲੇ ਉਦਾਸੀ।
ਜਵਾਨੀ ਬੁੱਢੀ ਹੋ ਰਹੀ ਚਿਹਰੇ ਬਣੇ ਚੋਪਾਤੀ।
ਹਰ ਇੱਕ ਰਸ਼ਤਾ ਹੈ ਇਥੇ ਸ਼ੱਕੀ ਹੋਇਆ,
ਭਾਈ ਦੁਸ਼ਮਣ ਬਣ ਕੇ ਕਰਦੇ ਅੱਡ ਗਲਾਸੀ।
ਦੂਜੇ ਨੂੰ ਨੰਗਾ ਕਰਕੇ ਹੈ ਖੁਸ਼ੀ ਮਨਾਉਂਦੇ,
ਚਿਟਕਪੜੀਏ ਸਮਝਦੇ ਪ੍ਰਲੋਕ ਦੇ ਵਾਸੀ।
ਫਰੇਬੀ, ਚਾਲਬਾਜ਼, ਸਮਾਜ ਸੇਵੀ ਬਣਕੇ,
ਵਾਰੋ-ਵਾਰੀ ਲੁੱਟਦੇ ਇਹ ਕਮੀਨੇ ਸਿਆਸੀ।
ਆਪਣਾ ਵਿਰਸਾ ਭੁਲ ਕੇ ਦੂਜਾ ਚੰਗਾ ਲੱਗਦਾ,

ਸੱਭਿਆਚਾਰ ਦੇ ਅਰਥ ਦੱਸਦੇ ਨੇ ਬੇਲਿਬਾਸੀ।
ਵਿਹਲਾ-ਵਿਹਲਾ ਰਹਿ ਗਿਆ ਖੁਦਦਾਰ ਤੇ ਚੰਗਾ
ਹਾਈਬਰਿਡ ਨੇ ਬਣਾਤੇ 'ਪੱਤੋ' ਸਭ ਬਾਰਾਂ ਮਾਸੀ।

**ਮੋਬਾ** : 98550-38775
**ਪਿੰਡ ਤੇ ਡਾਕ : ਪੱਤੋ ਹੀਰਾ ਸਿੰਘ,**
**ਜ਼ਿਲ੍ਹਾ - ਮੋਗਾ**, 142046

◆◆◆

# ਤਰੇਲ ਦੇ ਮੋਤੀ

**ਵਿਮਲ ਗੁਗਲਾਨੀ**

ਸਾਰੀ ਰਾਤ ਠੰਡ ਤੇ ਚਾਂਦਨੀ ਮਿਲਕੇ,
ਹਰੀ ਭਰੀ ਘਾਹ ਤੇ ਜੜ ਦਿੱਤੇ ਅਣਗਿਣਤ ਤਰੇਲ ਦੇ ਮੋਤੀ
ਭਿੱਜੀ ਭਿੱਜੀ ਸਵੇਰ ਦੀ ਹਲਕੀ ਰੋਸ਼ਨੀ ਵਿਚ
ਦੂਰ-ਦੂਰ ਤੱਕ ਖਿਲਰਿਆ, ਉਹ ਅੱਖ ਤਕਵਾਂ ਨਜ਼ਾਰਾ
ਕਿਸੇ ਕੁਸ਼ਲ ਕਾਰੀਗਰ ਨੇ ਤਰਾਸ਼ਿਆ ਹੋਵੇ ਇਕ ਇਕ ਹੀਰਾ
ਚੁੱਕੇ ਕੇ ਹੌਲੀ ਜਹੀ ਰੱਖ ਦਿੱਤਾ ਹੋਵੇ ਚਮਨ ਦੀ ਝੋਲੀ ਵਿੱਚ।
ਸਵੇਰ ਹੁੰਦਿਆਂ ਹੀ ਸ਼ੋਖ ਸੂਰਜ ਦੀਆਂ ਕਿਰਨਾਂ
ਗਲ ਨਾਲ ਲਾ ਕੇ ਪਿਆਰ ਨਾਲ ਪਲੋਸ ਕੇ
ਇਕ ਇਕ ਕਰਕੇ ਸਾਰੇ ਮੋਤੀ ਚੁੱਕ ਕੇ ਲੈ ਗਈਆਂ
ਵੇਖਦੇ-ਵੇਖਦੇ ਹੀ ਗੁੰਮ ਹੋ ਗਈਆਂ ਸਾਰੀਆਂ ਬੂੰਦਰਾਂ
ਜਿਵੇਂ ਸ਼ਰਾਰਤੀ ਪ੍ਰੀਤਮ ਨੇ ਚੁਰਾ ਲਈ ਹੋਵੇ
ਸੁੰਦਰ ਗੋਰੀ ਦੇ ਅੱਖਾਂ ਵਿੱਚੋਂ ਦੀ ਨੀਂਦਰਾਂ

3200, **ਸੈਕਟਰ 40-ਡੀ**
**ਚੰਡੀਗੜ੍ਹ।**
09888973200

◆◆◆



# ਵੋਟ-ਬੋਟ ਤੇ ਬੇਟੀਆਂ

**ਪ੍ਰੋ. ਬਲਦੇਵ ਸਿੰਘ ਵਾਲੀਆ**

ਚਿੜੀਆਂ ਮੁੱਕ ਗਈਆਂ,
ਕੁੜੀਆਂ ਮੁੱਕ ਚਲੀਆਂ,
ਪਾਣੀ ਹੋਏ ਡੂੰਘੇ,
ਖੂਹ ਸੁੱਕ ਚੱਲੇ,
ਨਦੀਆਂ ਹੋਈਆਂ ਗੰਦਲੀਆਂ।
ਬੰਦ ਬੋਤਲਾਂ 'ਚ ਪਾਣੀ ਵਿਕਦੇ,
ਲੋਕ ਪਾਣੀ ਦੀ 'ਚਾਤ੍ਰਿਕ ਬੂੰਦ' ਨੂੰ ਤਰਸਦੇ
ਗੰਦੇ ਪਾਣੀ ਪੀਪੀ ਕੈਂਸਰ ਸਹੇੜਦੇ
ਕਬੂਤਰ ਵੀ ਮੁੱਕ ਜਾਣੇ
ਰੁੱਖ ਸੁੱਕ ਜਾਣੇ
ਖੜ ਸੁਕ ਹੋ ਕੇ ਜੰਗਲ ਮੁਕ ਜਾਣੇ
ਹਵਾਵਾਂ ਹੋਈਆਂ ਗੰਦਲੀਆਂ।
ਨਸ਼ੇ ਆਮ ਵਿਕਦੇ
ਜਵਾਨ ਜਾਂਦੇ ਮੁੱਕਦੇ
ਜਵਾਨੀਆਂ ਰੁਲ ਚੱਲੀਆਂ
ਤੁਸੀਂ ਕਿਹੜੀਆਂ ਜਵਾਨੀਆਂ ਭਾਲਦੇ?
ਐਵੇਂ ਅੱਕੀਂ ਪਲਾਹੀ ਹੱਥ ਮਾਰਦੇ,
ਖੁਸਰਿਆਂ ਕੋਲੋਂ ਮੁਰਾਦਾਂ ਭਾਲਦੇ,
ਹੁਣ ਤਾਂ ਸੋਚਾਂ ਹੋਈਆਂ ਗੰਦਲੀਆਂ
ਦੁੱਧ ਮੁੱਕ ਚੱਲੇ,
ਸਪਰੇਟੇ ਵੇਚਦੇ,
ਬਨਾਉਟੀ ਦੁੱਧ ਵੰਡਦੇ,
ਮਿਲਾਵਟਾਂ ਕਰਕੇ ਮਾਲ ਵੇਚਦੇ,
ਨੀਹਾਂ ਖੋਖਲੀਆਂ 'ਤੇ ਇਮਾਰਤਾਂ ਉਸਾਰਦੇ,
ਚੋਰੀ ਚੋਰੀ ਇਕ ਦੂਜੇ ਦੀ ਮੌਤ ਸਿਰਜਦੇ,
ਚੋਰੀ ਚੋਰੀ ਇਕ ਦੂਜੇ ਦੀ ਮੌਤ ਭਾਲਦੇ, ਆਪਣਾ ਉੱਲੂ ਸਿੱਧਾ ਕਰਦੇ,
ਮੌਤਾਂ ਦੇ ਵਣਜਾਰੇ, ਮੌਤਾਂ ਕਰਦੇ ਸਸਤੀਆਂ।
ਹਸਪਤਾਲਾਂ 'ਚ ਭੀੜਾਂ
ਸਟੇਸ਼ਨਾਂ-ਅੱਡਿਆਂ 'ਚ ਭੀੜਾਂ
ਮੇਲਿਆਂ, ਸਮਾਗਮਾਂ 'ਚ ਤੁਰਦੀਆਂ ਫਿਰਦੀਆਂ ਲਾਸ਼ਾਂ

ਤੁਰੇ ਫਿਰਦੇ ਐਵੇਂ ਸਾਹ ਵਰੋਲਦੇ
ਨਸ਼ਿਆਂ ਨੂੰ ਪਿਆਰਦੇ,
ਜਵਾਨੀਆਂ ਨੂੰ ਰੋਲਦੇ,
ਚੋਰੀ-ਚੋਰੀ ਜ਼ਹਿਰ ਚੱਖਦੇ,
ਮੌਤ ਦੇ ਵਣਜਾਰੇ, ਜ਼ਹਿਰ ਵੇਚਦੇ,
ਗਲੀਂ ਬਾਜ਼ਾਰੀਂ ਕੂਕਦੇ,
ਨਸ਼ਿਆਂ ਵਿਰੁੱਧ ਪ੍ਰਚਾਰ ਕਰਦੇ
ਨਸ਼ੇ ਠੇਕਿਆਂ ਤੇ ਵੇਚਦੇ
ਜਵਾਨੀਆਂ ਹੋਈਆਂ ਸਸਤੀਆਂ।
ਫਾਸਟ ਫੂਡ ਵਿਕਦੇ,
ਬੱਚੇ ਬਰਗਰ ਛੱਕਦੇ,
ਬਦਾਮਾਂ ਗਿਰੀਆਂ ਨੂੰ ਬਕਬਕਾ ਆਖਦੇ,
ਜੰਕ ਫੂਡ ਚੱਖਦੇ,
ਲੈਪ ਟਾਪ ਤੇ ਖੇਡਾਂ ਖੇਡਦੇ,
ਵੱਡੇ ਬਲਿਊ ਫ਼ਿਲਮਾਂ ਵੇਖਦੇ,
ਕੁੜੀਆਂ ਦੇ ਗੈਂਗ ਰੇਪ ਕਰਦੇ,
ਅਧਮੋਈਆਂ ਛੱਡ ਜਾਂਦੇ ਜਾਂ
ਚੌਰਸਤਿਆਂ 'ਚ ਨੰਗੀਆਂ ਸੁੱਟ ਜਾਂਦੇ,
ਇੱਜ਼ਤਾਂ ਹੋਈਆਂ ਸਸਤੀਆਂ।
ਸਮਾਜ ਦੇ ਸਿਰਜਨਹਾਰੇ,
ਨਸ਼ਿਆਂ ਦੇ ਸੌਦਾਗਰ,
ਰਾਜ ਭਾਗ ਦੀਆਂ ਨੀਂਹਾਂ ਪੱਕੀਆਂ ਕਰਦੇ,
ਜੀਵਨ ਨੂੰ ਗੰਧਲਿਆਂ ਕਰਦੇ, ਰੋਣ ਦਾ ਵਿਖਾਵਾ ਕਰਦੇ,
ਅੰਦਰੀਂ ਤਾੜੀ ਮਾਰ ਹੱਸਦੇ। ਸਾਂਝਾਂ ਮੁੱਕ ਚੱਲੀਆਂ, ਆਸਾਂ ਨਜ਼ਰੀਂ ਨਾ ਆਉਂਦੀਆਂ
ਆਹਲਣਿਆਂ 'ਚ ਲੁਕੇ ਬੋਟ
ਨਿੱਘ ਭਾਲਦੇ, ਚੋਗਾ ਭਾਲਦੇ
ਮਸ਼ੀਨਾਂ ਤੇ ਡੱਬਿਆਂ 'ਚੋਂ ਵੋਟ
ਧਰਮਾਂ ਨੂੰ ਢਾਲ ਬਣਾ ਭਾਲਦੇ
ਵੋਟਾਂ ਦੇ ਵਣਜਾਰੇ, ਰੱਤ ਫਿਰੀ ਪਰਤਦੇ, ਵੋਟਾਂ ਭਾਲਦੇ
ਸਭ ਸਵਰਗ ਭਾਲਦੇ, ਨਰਕ ਭੋਗਦੇ-ਵੋਟਾਂ ਵਿਕਦੀਆਂ
ਚਿੜੀਆਂ ਮੁੱਕ ਗਈਆਂ, ਕੁੜੀਆਂ ਮੁੱਕ ਚਲੀਆਂ।


**ਪਿੰਡ ਤੇ ਡਾ. ਨਡਾਲਾ**
**(ਕਪੂਰਥਲਾ)**




# .ਗ਼ਜ਼ਲ ਸੱਥ


## ਪ੍ਰੋ. ਜਸਵੰਤ ਸਿੰਘ ਕੈਲਵੀ




ਸ਼ੁਕਦੀ ਜੇ ਰਾਤ ਕਾਲੀ, ਫੇਰ ਵੀ ਤੁਰਦੇ ਰਹੋ।
ਚੀਰ ਦਲਦਲ ਨ੍ਹੇਰ ਵਾਲੀ, ਫੇਰ ਵੀ ਤੁਰਦੇ ਰਹੋ।

ਵਾਟ ਲੰਮੀ ਦੂਰ ਮੰਜ਼ਿਲ, ਦੁਸ਼ਮਣਾਂ ਜੇ ਘੇਰਿਆ,
ਥਾਂ ਕੁਥਾਂ ਜੇ ਅੱਗ ਬਾਲੀ, ਫੇਰ ਵੀ ਤੁਰਦੇ ਰਹੋ।

ਜ਼ਿੰਦਗੀ ਦਾ ਰੂਪ ਤੱਕਣਾ ਜੇ ਤੁਸੀਂ ਹੋ ਲੋਚਦੇ?
ਵੜ ਗਲੀ ਵਿਸ਼ਵਾਸ ਵਾਲੀ, ਫੇਰ ਵੀ ਤੁਰਦੇ ਰਹੋ।

ਹੌਂਸਲੇ ਦੀ ਢਾਲ ਫੜਕੇ, ਵਾਰ ਸਹਿੰਦੇ ਸੂਰਮੇ
ਹੈ ਜੁਝਾਰਾਂ ਮੌਤ ਟਾਲ਼ੀ, ਫੇਰ ਵੀ ਤੁਰਦੇ ਰਹੋ।

ਹਲ ਚਲਾਵਣ ਬੀਜ ਬੀਜਣ ਬੇਯਕੀਨੀ ਛੋੜਕੇ
ਹਾਰ ਮੰਨੇ ਕਦ ਨੇ ਹਾਲੀ? ਫੇਰ ਵੀ ਤੁਰਦੇ ਰਹੋ।

ਸਹਿਜ ਜੁਗਤਾਂ ਨਾਲ ਬੰਦਾ ਜ਼ਿੰਦਗੀ ਨੂੰ ਜਿੱਤਦਾ,
ਮੌਜ'ਦਰ ਮਾਰ ਤਾਲੀ, ਫੇਰ ਵੀ ਤੁਰਦੇ ਰਹੋ।

ਕੈਲਵੀ! ਜੇ ਜੋਸ਼ ਜਜ਼ਬਾ, ਹੈ ਦਿਲਾਂ ਵਿੱਚ ਜਾਗਦਾ?
ਬਾਤ ਮੰਨੋਂ ਇਹ ਸੁਖਾਲੀ, ਫੇਰ ਵੀ ਤੁਰਦੇ ਰਹੋ।


18/5 ਗੁਰੂ ਅਰਜਨ ਦੇਵ ਨਗਰ,
ਫਿਰੋਜ਼ਪੁਰ ਸ਼ਹਿਰ - 152002
ਮੋਬਾ : 98783-81474


◆◆◆

## ਬਲਬੀਰ ਸਿੰਘ ਸੈਣੀ

ਨਾ ਹੁਣ ਦਿਲ ਵਿੱਚ ਸੋਚਾਂ ਮੌਲਣ, ਨਾ ਹੀ ਖਾਹਿਸ਼ਾਂ ਜਾਗਦੀਆਂ।
ਆਪ ਮੁਹਾਰੇ ਛਿੜਣ ਤਰੰਗਾਂ, ਹੁਣ ਤਾਂ ਦੀਪਕ -ਰਾਗ ਦੀਆਂ।
ਤੁਰ ਗਈ ਉਹ ਖਰਮਸਤੀ ਕਿਧਰੇ, ਮਰ ਗਈ ਹਰ ਜਗਿਆਸਾ ਵੀ,
ਦਿਲ ਕਰਦੈ ਬਸ ਕਰੀ ਹੀ ਜਾਈਏ, ਗੱਲਾਂ ਹੁਣ ਵੈਰਾਗ ਦੀਆਂ।




ਭਾਵੇਂ ਕਿੰਨੀ ਵੀ ਤੰਗ ਹੋਵੇ, ਮਰਦ ਸਤਾਵੇ, ਮਰਨਾ ਲੋਚੇ,
ਫਿਰ ਵੀ ਹਰ ਪਲ ਸੁੱਖਾਂ ਮੰਗੇ, ਔਰਤ ਸਦਾ ਸੁਹਾਗ ਦੀਆਂ।
ਹੁਣ ਤਾਂ ਮਿੰਟ 'ਚ ਕਿੰਨੀ ਵਾਰੀ ਗੱਲ ਹੋ ਜਾਂਦੀ ਸੱਜਣ ਨਾਲ,
ਕਾਹਤੋਂ ਕੋਈ ਉਡੀਕੇਗਾ ਹੁਣ, ਫੇਰੀਆਂ ਕਾਲੇ ਕਾਗ ਦੀਆਂ।
ਦੁੱਧ, ਦਹੀਂ, ਲੱਸੀ ਤੇ ਮੱਖਣ, ਚੰਨਾ, ਬਾਟੀ, ਗੜਵਾ, ਕੌਲ,
ਕੇਵਲ ਗੱਲਾਂ ਹੀ ਰਹਿ ਗਈਆਂ, ਤੌੜੀ ਰਿੰਨੇ ਸਾਗ ਦੀਆਂ।
ਅਣਮੁੱਲੇ ਮੋਤੀ ਨੇ ਸਾਰੇ, ਸਾਹਿਤ ਦਾ ਸਰਮਾਇਆ ਵੀ,
"ਨੂਰਪੁਰੀ" ਦੇ ਗੀਤ ਐ 'ਸੈਣੀ', ਗਜ਼ਲਾਂ, 'ਗਾਲਬ', ਦਾਗ਼ ਦੀਆਂ।

**ਭਾਖੜਾ ਰੋਡ, ਸ਼ਰਮਾ ਸਟੋਰ,**
**ਨੰਗਲ**-140124 (**ਰੋਪੜ**), **ਮੋਬਾ** : 94646-47540

◆◆◆

## ਬਲਵਿੰਦਰ ਪੰਨੂੰ



ਅੱਖੀਂ ਨੀਂਦ ਨ ਰੱੜਕੇ, ਅੱਖ ਮੈਂ ਲਾਈ ਜਿੱਦਣ ਦੀ।
ਆਪਨੀ ਬਣਕੇ ਬੈਠੀ ਕੋਈ ਪਰਾਈ ਜਿੱਦਣ ਦੀ।
ਨਾ ਵੀਰਾ ਨ ਭਾਬੀ ਸਿੱਧੇ ਮੂਹ ਕੋਈ ਨਾ ਬੋਲੇ,
ਸਾਂਭਣ ਲੱਗਿਆਂ ਆਪਣੀ ਮੈਂ ਕੁਮਾਈ ਜਿੱਦਣ ਦੀ।
ਉਹ ਲੋਕਾਂ ਦੇ ਚਰਚੇ ਹੁਣ ਮੇਰੇ ਕੋਲੇ ਕਰਦਾ ਨਾ,
ਇਕ ਉਸ ਦੇ ਘਰ ਦੀ ਉਸ ਨੂੰ ਮੈਂ ਸੁਣਾਈ ਜਿੱਦਣ ਦੀ।
ਆਖਣ ਨੂੰ ਤਾਂ ਤਿੰਨ ਨੂਹਾਂ ਨੇ, ਬੰਤ ਸਿਹਾ ਪਰ ਮਿਰੀ,
ਕਿਸੇ ਧੋਤੀ ਨਈਓ ਕੁਰਤੀ ਮੈਂ ਸੁਵਾਈ ਜਿੱਦਣ ਦੀ।
ਨਾਂ ਚਹੁੰਦਾ ਵੀ ਘਰ ਵਾਲੀ ਤੋਂ ਝਿੜਕਾਂ ਖਾਵਾਂ ਯਾਰੋ,
ਮੈਂ ਰਕਮ ਉਸਦੇ ਪੇਕਿਆਂ ਤੋਂ ਮੰਗਵਾਈ ਜਿੱਦਣ ਦੀ।
ਪੰਨੂੰ ਤੋਂ ਪੰਨੂੰ ਸਾਹਬ ਹੋ ਗਏ, ਬਿਨ ਡਿਗਰੀ, ਪੱਦਵੀ ਤੋਂ,
ਕਰਨ ਲੱਗੇ ਹਾਂ ਮਿੱਤਰੋ ਕਲਮ ਘਸਾਈ ਜਿੱਦਣ ਦੀ।

**ਮੋਬਾ** : 09637874202

◆◆◆



## ਨੌਬੀ ਸੋਹਲ

ਬਹਿਰ-ਰਮਲ ਮੁਸੱਮਨ ਮਹਿਜ਼ੂਫ
ਵਜ਼ਨ-ਫਾਇਲਾਤੁਨ+ਫਾਇਲਾਤੁਨ+ਫਾਇਲਾਤੁਨ+ਫਾਇਲੁਨ



ਦਿਲ 'ਤੇ ਪੱਥਰ ਰੱਖਕੇ ਉਹ ਅਲਵਿਦਾ ਹੈ ਕਹਿ ਗਿਆ।
ਨਾਲੇ ਉਹ ਪੱਥਰ ਦਿਲਾ ਖੁਦ ਰੇਤ ਵਾਂਗੂੰ ਢਹਿ ਗਿਆ
ਟੁੱਟਕੇ ਵੀ ਟੁੱਟਦਾ ਨਾ ਰੁੱਖ ਧੁੱਗਾਂ ਤੀਕ ਉਹ,
ਜੋ ਹਵਾਵਾਂ ਨਾਲ ਸੀਨਾ ਤਾਣਕੇ ਹੈ ਖਹਿ ਗਿਆ।
ਜਾਨ ਬਚ ਜਾਵੇ ਤੇ ਕਰਦੇ ਸ਼ੁਕਰੀਆ ਸੀ ਰੱਬ ਦਾ
ਮੀਂਹ ਵਿੱਚ ਜਿਹਨਾਂ ਦਾ ਘਰ ਸੀ ਰਾਤ ਵੇਲੇ ਢਹਿ ਗਿਆ।
ਜਨਮਦੀ ਹੈ ਉਹਦੀ ਕੀਤੀ ਹਰ ਵਧੀਕੀ ਤੋਂ ਗ਼ਜ਼ਲ
ਏਸ ਕਰਕੇ ਹਰ ਸਿਤਮ ਮੈਂ ਉਸਦਾ ਹਸਕੇ ਸਹਿ ਗਿਆ।
ਦਾਅਵੇ ਤੂਫਾਨ ਵਿੱਚ ਰਹਿਣੇ ਦੇ ਜੋ ਕਰਦਾ ਰਿਹਾ
ਉਹ ਹਵਾ ਦੇ ਇੱਕ ਬੁੱਲੇ ਨਾਲ ਪਾਸੇ ਬਹਿ ਗਿਆ।
ਰਾਹ ਰੁਸ਼ਨਾਉਂਦੀ ਉਦ੍ਹੀ ਪਲ ਭਰ ਕੁ ਈ ਮਿਲਣੀ ਸਦਾ,
ਮੈਂ ਜਿਦ੍ਹੇ ਨੈਣਾਂ ਵਿੱਚੋਂ ਸਾਂ ਹੰਝੂ ਵਾਂਗੂੰ ਵਹਿ ਗਿਆ।
ਹੋਰ ਕਾਗਜ਼ ਉੱਤੇ ਹੀ ਕਰ ਦਿੱਤੇ ਹਸਤਾਖ਼ਰ ਉਨ੍ਹੇ
ਜਿਸਦੇ ਹਸਤਾਖ਼ਰ ਬਿਨਾਂ ਕਾਗਜ਼ ਮੈਂ ਕੋਰਾ ਰਹਿ ਗਿਆ।

**ਪਿੰਡ ਤੇ ਡਾਕਘਰ-ਰਾਮਪੁਰ**
**ਲੁਧਿਆਣਾ** - (141418), **ਮੋਬਾ** : 95016-60416

◆◆◆

## ਡਾ. ਸੁਰਜੀਤ ਖੁਰਮਾ

ਅਜ਼ਲਾਂ ਤੋਂ ਇਸ ਤਰ੍ਹਾਂ ਗੁਮਨਾਮ ਹਾਂ
ਜਿਸ ਤਰ੍ਹਾਂ ਕੇ ਦੂਰ ਦਾ ਮਹਿਮਾਨ ਹਾਂ
ਇਸ ਤਰ੍ਹਾਂ ਵੀ ਜਾਪਿਆ ਹੈ ਕਈ ਵਾਰ
ਕੇ ਮੈਂ ਕਿਸੇ ਨੇਤਾ ਦਾ ਚਿੱਥਿਆ ਪਾਨ ਹਾਂ
ਕਿੰਝ ਮੈਂ ਸਾਹਵਾਂ ਦੇ ਨੇੜੇ ਆ ਰਹਾਂ
ਮੈਂ ਨਾ ਦੋਸਤ ਨ ਕੋਈ ਬੇਇਮਾਨ ਹਾਂ
ਜੰਮ ਕੇ ਜੋ ਸੁੱਟ ਗਏ ਨੇ ਜੀਣ ਨੂੰ
ਮੈਂ ਉਨ੍ਹਾਂ ਹੀ ਗਲਤੀਆਂ ਦੀ ਭਾਨ ਹਾਂ
ਦੇਖਣੇ ਨੂੰ ਆਦਮੀ ਹੀ ਲੱਗਦਾਂ

ਕਰਮ ਤੋਂ ਪਰ ਬਣ ਗਿਆਂ ਸ਼ੈਤਾਨ ਹਾਂ
ਜੇ ਕਦੇ 'ਖ਼ੁਰਮਾਂ' ਵੀ ਤੈਨੂੰ ਆ ਮਿਲੇ
ਮੋੜ ਦੇਵੀਂ ਆਖ ਕੇ ਹੈਵਾਨ ਹਾਂ

**ਭਾਸ਼ਾ ਵਿਭਾਗ ਪੰਜਾਬ, ਪਟਿਆਲਾ**
95010-09832

◆◆◆

## ਹਰਦੀਪ ਲੌਂਗੀਆਂ



ਕਦੇ ਜਾਪਦੀ ਤੂੰ ਸਮੁੰਦਰਾਂ ਦੀ ਛੱਲ੍ਹ ਵਰਗੀ
ਕਦੇ ਜਾਪਦੀ ਤੂੰ ਮੈਨੂੰ ਮਾਰੂਥਲ ਵਰਗੀ।
ਕਦੇ ਜਾਪਦੀ ਤੂੰ ਸਦਾ ਮੇਰੇ ਅੰਗ-ਸੰਗ ਐਂ।
ਕਦੇ ਜਾਪਦੀ ਤੂੰ ਬੀਤੇ ਹੋਏ ਕਿਸੇ ਕੱਲ੍ਹ ਵਰਗੀ।
ਕਦੇ ਕਦੇ ਜਾਪੇ ਮੈਨੂੰ ਨਿਰੀ ਹੀ ਤੂਫਾਨਾਂ ਵਰਗੀ
ਕਦੇ ਜਾਪਦੀ ਨੂੰ ਖੜ੍ਹੇ ਪਾਣੀ ਵਿੱਚ ਹਲਚਲ ਵਰਗੀ।
ਮੈਂ ਕੀ ਸਿਫ਼ਤ ਕਰ੍ਹਾਂ ਤੇਰੇ ਸੋਹਣੇ ਰੂਪ ਦੀ
ਨੀ ਤੂੰ ਨਿਰੀ ਸੰਗਮਰਮਰੀ ਤਾਜ ਮਹਿਲ ਵਰਗੀ।
ਕਦੇ ਦਿਲ ਕਰੇ ਤੈਨੂੰ ਰੱਖਾਂ ਸੀਨੇ 'ਚ ਛੁਪਾ ਕੇ
ਕਦੇ ਬੁੱਲੀਆਂ ਤੇ ਆਜੇ ਮੂੰਹ ਆਈ ਗੱਲ੍ਹ ਵਰਗੀ।
'ਹਰਦੀਪ' ਹੋਰ ਕੀ ਕਹੇ ਹੁਣ ਤੇਰੇ ਬਾਰੇ ਦੱਸ
ਨੀ ਤੂੰ ਸੀਨੇ ਉਤੇ ਲਗੇ ਕਿਸੇ ਸੱਲ੍ਹ ਵਰਗੀ।

**ਸਾਹਮਣੇ ਸਰਕਾਰੀ ਮਿਡਲ ਸਕੂਲ**
**ਪਿੰਡ ਮੁੰਡੀ ਖਰੜ-Sec-2**
**ਜ਼ਿਲ੍ਹਾ ਮੋਹਾਲੀ**, 140301
**ਮੋਬਾ : ਨੰ :** 9855667733

◆◆◆



## ਕੁਲਦੀਪ ਕੌਰ ਚੱਠਾ



ਚੇਲਿਆਂ ਤੋਂ ਬਚੀਂ, ਮੁਰਸਦਾਂ ਤੋਂ ਬਚੀਂ।
ਇਨ੍ਹਾਂ ਭੇਖੀ, ਪਖੰਡੀ, ਸਿਆਨਿਆਂ ਤੋਂ ਬਚੀਂ।
ਰਸਤਾ ਦੱਸ ਕੇ ਜੋ ਲੁੱਟ ਲੈਂਦੇ ਰਸਤੇ 'ਚ ਹੀ,
ਰਾਹਬਰਾਂ ਵਿੱਚ ਲੁਕੇ ਰਾਹਜਨਾਂ ਤੋਂ ਬਚੀਂ।
ਬਿਨਾਂ ਮਤਲਬ ਜੋ ਕਰਦੇ ਨੇ ਉਸਤਤ ਸਦਾ,
ਮੋਮੋਠਗਣੇ ਅਜਿਹੇ ਦੋਸਤਾਂ ਤੋਂ ਬਚੀਂ।
ਕਰਮ ਜਿਹਨਾਂ ਦਾ ਫੁੱਲ ਫੁੱਲ ਦਾ ਰਸ ਚੂਸਣਾ,
'ਜਿਹੇ ਭੁੱਖੇ-ਭੰਵਰਿਆਂ ਤੋਂ ਬਚੀਂ।
ਵੱਡੇ ਹੁੰਦੇ ਨਹੀਂ, ਵੱਡੇ ਬਣਦੇ ਨੇ ਜੋ,
ਰੁੱਖ ਖਜੂਰਾਂ ਜਿਹੇ, ਵੱਡਿਆਂ ਤੋਂ ਬਚੀਂ।
ਲਾਠੀ ਫੇਰਨ ਨਾ ਜੋ ਆਪਣੀ ਪੀਹੜੀ ਤਲੇ,
ਕਹਿੰਦੇ ਸਭ ਨੂੰ ਬੁਰਾ, ਬੰਦਿਆਂ ਤੋਂ ਬਚੀਂ।
ਰੋਜ਼ ਕਰਦੇ ਘੁਟਾਲੇ, ਇਹ ਚੋਰ-ਲੁਟੇਰੇ,
ਬਚੀਂ 'ਚੱਠਾ' ਇਨ੍ਹਾਂ ਲੀਡਰਾਂ ਤੋਂ ਬਚੀਂ।

94656-52316

◆◆◆

## ਮਨੋਜ ਫਗਵਾੜਵੀ

ਜਿਸ ਵਲ ਵੀ ਵੇਖਾਂ ਉਹ ਅਪਣਾ ਲਗਦਾ ਹੈ?
ਸਭ ਨਾਲ ਪਿਆਰ ਦਾ ਰਿਸ਼ਤਾ ਲਗਦਾ ਹੈ?
ਇਸ ਵਿੱਚ ਸਦਾ ਹੋਇਆ ਵਾਧਾ ਹੀ ਵਾਧਾ,
ਮੁਹੱਬਤ ਦਾ ਤਾਂ ਖ਼ਰਾ ਸੌਦਾ ਲਗਦਾ ਹੈ।
ਆਪਣਾ ਜੋ ਸਭ ਕੁਝ ਰਿਹਾ ਵੰਡ ਲੋਕਾਂ ਵਿੱਚ,
ਉਹ ਰੱਬ ਹੈ ਜਾਂ ਰੱਬ ਵਰਗਾ ਲਗਦਾ ਹੈ।
ਤਾਮੀਜ ਦੇ ਨਾਲ ਜੋ ਪੇਸ਼ ਆਉਂਦਾ ਹਰਿਕ ਨਾਲ,
ਉਹ ਨੇਕ ਇਨਸਾਨ ਮੈਨੂੰ ਲਗਦਾ ਹੈ।
ਆਕਾਸ਼ ਦੀ ਬੁਲੰਦੀ ਤੇ ਹਾਂ ਮੈਂ ਅੱਜ ਵੀ,
ਇਹ ਅਸਰ ਉਸ ਦੀਆਂ ਦੁਆਵਾਂ ਦਾ ਲਗਦਾ ਹੈ।
ਇਸ ਰੂਹ ਨੂੰ ਮਿਲੇ ਚੈਨ ਤੇ ਦਿਲ ਨੂੰ ਮਿਲੇ ਸਕੂਨ,
ਮਹਿਬੂਬ ਨੂੰ ਸਮਰਪਿਤ ਸ਼ੇਅਰ ਚੰਗਾ ਲਗਦਾ ਹੈ।
ਉਂਜ ਤਾਂ "ਮਨੋਜ" ਲਿਖਦਾ ਰਿਹਾ ਕਈ ਗ਼ਜ਼ਲਾਂ,
ਪਰ ਗਜ਼ਲ ਪਿਆਰ ਦੀ ਕਹਿਣਾ ਚੰਗਾ ਲਗਦਾ ਹੈ।

ਬੇਗੁਨਾਹਾਂ ਨੂੰ ਮੁਜਰਿਮ ਬਨਾਉਣ ਤੋਂ ਚੰਗਾ "ਮਨੋਜ"
ਦੋਸ਼ੀ ਵੀ ਪਾਵੇ ਸਜ਼ਾ ਲਾਜਮੀਂ ਤਾਂ ਲੱਗਦਾ ਹੈ।

**ਮਕਾਨ ਨੰ. 6 ਗਲੀ ਨੰ. 3**
**ਪ੍ਰੀਤ ਨਗਰ ਫਗਵਾੜਾ**, 144402
**ਮੋਬਾ** : 92178-89160

◆◆◆


## ਅਸ਼ੋਕ ਪੰਕਜ

ਕਿਸੇ ਦੇ ਨਾਲ ਇਸ ਇਨਸਾਨ ਨੂੰ ਜਦ ਪਿਆਰ ਹੁੰਦਾ ਏ,
ਉਦੋਂ ਹਰ ਸ਼ੈਅ ਦੇ ਵਿੱਚ ਉਸ ਸ਼ਖਸ਼ ਦਾ ਦੀਦਾਰ ਹੁੰਦਾ ਏ।
ਬੜਾ ਹੀ ਤੇਜ਼ ਹੁੰਦਾ ਹੈ ਇਹ ਤਿੱਖਾ ਤੀਰ ਨਜ਼ਰਾਂ ਦਾ,
ਇਹ ਦਿਲ ਦੇ ਆਰ ਹੁੰਦਾ ਏ ਨਾ ਦਿਲ ਦੇ ਪਾਰ ਹੁੰਦਾ ਏ।
ਛੁਪਾ ਰੱਖੀ ਤੂੰ ਹੰਝੂਆਂ ਨੂੰ ਨਾ ਉਠੇ ਕਹਿਰ ਸੀਨੇ 'ਚੋਂ,
ਇਹੋ ਹੀ ਤਾਂ ਇਸ਼ਕ ਦੇ ਦਸਤੂਰ ਦਾ ਸ਼ਿੰਗਾਰ ਹੁੰਦਾ ਏ।
ਓਦੀ ਚੁਪ ਦੇ ਇਸ਼ਾਰੇ ਨੂੰ ਮੈਂ ਹਾਂ ਆਖਾਂ ਕਿ ਨਾ ਆਖਾਂ,
ਕਦੇ ਇਕਰਾਰ ਹੁੰਦਾ ਏ ਕਦੇ ਇਨਕਾਰ ਹੁੰਦਾ ਏ।
ਜਦੋਂ ਮੁਸ਼ਕਿਲ ਬਣੇ ਤਾਂ ਭਜ ਜਾਂਵਣ ਯਾਰ ਸਭ ਫਸਲੀ
ਮੁਸੀਬਤ ਵਿੱਚ ਖਲੋਵੇ ਜੋ ਉਹੀ ਤਾਂ ਯਾਰ ਹੁੰਦਾ ਏ।
ਅਜ਼ਬ ਹੈ ਫਲਸਫਾ ਪੰਕਜ ਕਿ ਇਸ ਬੇਢੰਗੀ ਦੁਨੀਆ ਦਾ,
ਉਹ ਧੋਖਾ ਦੇ ਹੀ ਜਾਂਦਾ ਏ ਜਿਹਦਾ ਇਤਬਾਰ ਹੁੰਦਾ ਏ।

100/1, **ਰੁਲੀਆ ਰਾਮ ਕਾਲੋਨੀ,**
**ਗੁਰਦਾਸਪੁਰ,**
**ਮੋ** : 9888377925

◆◆◆

## ਪੈਦਲ ਧਿਆਨਪੁਰੀ



ਤੇਰਾ-ਮੇਰਾ ਪਿਆਰ ਨਾ ਹੁੰਦਾ।
ਇਹ ਸਾਰਾ ਸੰਸਾਰ ਨਾ ਹੁੰਦਾ।
ਕਿਸ ਪੁੱਛਣਾ ਸੀ ਗਰੀਬ-ਸੁਦਾਮਾ,
ਜੇਕਰ ਕ੍ਰਿਸ਼ਨ ਮੁਰਾਰ ਨਾ ਹੁੰਦਾ।
ਸੰਕਟ ਦੇ ਦਿਨ ਕਦੇ ਨਾ ਹੁੰਦੇ।
ਮਾੜਾ ਜੇ ਕਿਰਦਾਰ ਨਾ ਹੁੰਦਾ।
ਕਾਮ, ਕ੍ਰੋਧ, ਮੋਹ, ਲੋਭ ਨਾ ਹੁੰਦੇ,
ਧਰਤੀ ਤੇ ਇਹ ਭਾਰ ਨਾ ਹੁੰਦਾ।



"ਧਿਆਨਪੁਰੀ" ਅੱਜ ਨਹੀਂ ਸੀ ਹੋਣਾ।
ਕਲਮ ਜੇਕਰ ਹਥਿਆਰ ਨਾ ਹੁੰਦਾ।
ਮੇਰੇ ਜਿਊਣੇ ਦਾ ਮਕਸਦ ਕੀ ਸੀ?
ਜੇਕਰ ਦੇਸ਼ ਪਿਆਰ ਨਾ ਹੁੰਦਾ।

75085-50991

◆◆◆

## ਬਲਵਿੰਦਰ 'ਬਾਲਮ' ਗੁਰਦਾਸਪੁਰ



ਮਾਂ-ਬਾਪੂ ਦੇ ਹੁੰਦਿਆਂ ਵੀ ਤਾਂ ਉਹ ਮਿਲਿਆ ਨਾ ਪਿਆਰ।
ਜਿਸ ਨਾਲ ਬਚਪਨ ਦੇ ਵਿੱਚ ਹੁੰਦਾ ਖੁਸ਼ੀਆਂ ਦਾ ਸੰਸਾਰ।
ਕੁੰਡਲ ਬਣ ਕੇ ਬੈਠਾ ਨਾ ਹੋਵੇ ਨੇਰ੍ਹੇ ਵਾਲਾ ਸੱਪ,
ਜਦ ਵੀ ਆਉਣਾ ਲੈ ਕੇ ਆਵੀਂ ਸੂਰਜ ਦਾ ਇਕਰਾਰ।
ਇਸ ਨੂੰ ਤੱਕ ਕੇ ਮਸਤਕ ਦੇ ਵਿੱਚ ਡਰ ਉਤਪਨ ਹੋ ਜਾਂਦਾ,
ਮਿਆਨ 'ਚ ਹੋਵੇ ਜਾਂ ਬਾਹਰ ਤਲਵਾਰ ਸਦਾ ਤਲਵਾਰ।
ਚਿਹਰੇ ਹਸਦੇ ਦਿਲ ਨੀਂ ਹਸਦੇ ਅੱਖਾਂ ਦੇ ਵਿੱਚ ਨਫ਼ਰਤ,
ਹਰ ਇਕ ਰਿਸ਼ਤੇ ਦੇ ਵਿੱਚ ਖੜ੍ਹਾ ਗਈ ਮਤਲਬ ਦੀ ਦੀਵਾਰ।
ਭੰਵਰ ਦੀ ਸੁੰਦਰਤਾ ਤਕ ਕੇ ਫਸ ਜਾਂਦੇ ਨੇ ਜਿਹੜੇ,
ਉਹ ਮਾਝੀ ਤਾਂ ਐਸੇ ਡੁਬਦੇ ਆਰ ਨਾ ਹੁੰਦੇ ਪਾਰ।
ਕਾਮ ਕਰੋਧ 'ਚ ਨਫ਼ਰਤ ਬਣ ਗਈ ਪੈਸੇ ਦੀ ਪਰਿਭਾਸ਼ਾ,
ਘਰ-ਘਰ ਦੇ ਵਿੱਚ ਦਿਸਣ ਨਾ ਰਿਸ਼ਤੇ, ਰਿਸ਼ਤੇ ਨੇ ਵਿਉਪਾਰ।
ਕੂਲੀ-ਕੂਲੀ ਮਖ਼ਮਲ ਵਰਗੀ ਮੁੱਦਤ ਪਿੱਛੋਂ ਕਿੱਦਾਂ?
ਫੁੱਟ ਪਈ ਏ ਤੜਕ ਸਵੇਰੇ ਯਾਦਾਂ ਦੀ ਕਚਨਾਰ।
ਉਸ ਦੇ ਨਾਲੋਂ ਵਿਛੱੜ ਕੇ ਹੁਣ ਕਿਉਂ ਲਗਦਾ ਹੈ ਏਦਾਂ,
ਕੋਈ ਚਿਹਰਾ ਨਜ਼ਰੀਂ ਆਵੇ ਚੰਦਰਮੇ ਵਿਚਕਾਰ।
ਪਿਆਰ 'ਚ ਧੋਖਾ ਦੇ ਕੇ ਜਿਹੜਾ ਕੋਲੋਂ ਦੀ ਵੀ ਲੰਘੇ,
ਖੰਜਰ ਨਾਲੋਂ ਤਿੱਖਾ ਲਗਦਾ ਉਸ ਦਾ ਫਿਰ ਦੀਦਾਰ।
ਉਸ ਦੇ ਹਾਸੇ ਦੇ ਨਾਲ ਏਦਾਂ ਮੁਖ਼ੜਾ ਲਾਲੋ-ਲਾਲ,
ਟਹਿਣੀਂ ਉੱਪਰ ਜਿੱਦਾਂ ਫੁੱਟੇ ਕੰਧਾਰੀ ਆਨਾਰ।
ਤੜਕ ਸਵੇਰੇ ਦੀ ਲਾਲੀ ਵਿੱਚ ਜਿਉਂ ਮੱਖਣ ਦਾ ਪੇੜਾ,
ਸ਼ਬਨਮ ਨੇ ਇਉਂ ਚੁੰਮ ਲਏ ਨੇ ਫੁੱਲ ਦੇ ਰੁਖ਼ਸਾਰ।
ਉਨ੍ਹਾਂ ਪੱਕੇ ਵਾਅਦੇ ਵਾਲੇ ਟੋਣੇਂ ਕਿੰਝ ਪੁਗਾਉਣੇਂ,
ਟੁੱਟੀ ਗੁੱਲੀ, ਟੁੱਟੇ ਡੰਡੇ ਵਰਗੇ ਜਿਹੜੇ ਯਾਰ,
ਜਿਸ ਦਾ ਨਾ ਕੋਈ ਮਿੱਤਰ ਦਿਸਦਾ ਨਾ ਕੋਈ ਦਿਸਦਾ ਵੈਰੀ,

ਵਹਿੰਦੇ ਹੋਏ ਝਰਨੇ ਉੱਤੇ ਕਰ ਬੈਠੇ ਇਤਬਾਰ।
ਸੁਰਖ਼ ਸਹਾਰਾ ਵਾਲੇ ਪੰਛੀ ਰੁੱਖਾਂ ਤੇ ਨਾ ਬਹਿੰਦੇ,
ਸੁਣਿਆ ਜਿੱਥੇ ਪਤਝੜ ਰੁੱਤੇ ਖਿੜਦਾ ਹੈ ਗੁਲਜ਼ਾਰ।
ਚੜ੍ਹਦੇ ਬੱਦਲ ਦਾ ਵੀ ਵਾਅਦਾ ਇੱਕ ਭੁਲੇਖਾ ਹੁੰਦਾ,
ਅੱਖਾਂ ਦੇ ਵਿੱਚ ਹਾਂ ਹੁੰਦੀ ਏ ਬੁੱਲਾਂ 'ਤੇ ਇਨਕਾਰ।
ਬੁੱਕਲ ਦੇ ਵਿੱਚ ਤੇਜ਼ਕਟਾਰੀ ਅੰਦਰੋ-ਅੰਦਰੀਂ ਵੱਢਦੇ,
ਚਿਹਰੇ ਉੱਤੇ ਲਈ ਫਿਰਦੇ ਨੇ ਸਾਂਝਾ ਦਾ ਸਤਿਕਾਰ।
ਠਹਿਰੇ ਪਾਣੀ ਦੇ ਵਿੱਚ ਅਕਸਰ ਬਦਬੂ ਆ ਹੀ ਜਾਂਦੀ,
ਵਕਤ ਮੁਤਾਬਿਕ, ਮੰਗ ਮੁਤਾਬਿਕ ਬਦਲੇ ਸਭਿਆਚਾਰ।
ਫਿਰ ਵੀ ਕੋਈ ਪੀੜ ਪੁਰਾਣੀ ਖਵਰੇ ਕਿਓਂ ਉਗ ਪੈਂਦੀ
ਮੁੱਕਤ ਹੋਈ ਕਰ ਆਇਆ ਹਾਂ ਯਾਦਾਂ ਦਾ ਸਸਕਾਰ।
ਫਿਰ ਵੀ ਉਸ ਨੂੰ ਕਿਉਂ ਚਾਹੁੰਦਾ ਹਾਂ 'ਬਾਲਮ' ਸੋਚ ਰਿਹਾ ਹਾਂ,
ਜਿਸ ਨੇ ਮੇਰੀ ਪਿੱਠ ਦੇ ਪਿੱਛੇ ਕੀਤੇ ਲੱਖਾਂ ਵਾਰ।

**ਓਂਕਾਰ ਨਗਰ, ਗੁਰਦਾਸਪੁਰ (ਪੰਜਾਬ) ਮੋਬਾ : 98156-254**

◆◆◆

## ਪ੍ਰਤਾਪ ਪਾਰਸ ਗੁਰਦਾਸਪੁਰੀ,

ਉਂਗਲ ਨਾ ਹੋਈ ਓਸਦੀ ਹੈ ਇਸ ਹਾਲਤ ਤੇ ਵੱਲ ਕਰੋ,
ਇਕ ਉਸਦੇ ਜਜ਼ਬੇ ਜੋਸ਼ ਦੀ ਜੇ ਕਰਨੀ ਹੈ ਤਾਂ ਗੱਲ ਕਰੋ।
ਮੰਦਰ, ਮਸਜਿਦ ਦੇ ਮਸਲੇ ਤਾਂ ਫਿਰ ਵੀ ਹੱਲ ਹੋ ਜਾਵਣਗੇ,
ਰੋਟੀ ਕੱਪੜੇ ਵਾਲੇ ਪਹਿਲਾਂ ਮੁੱਖ ਤਾਂ ਮਸਲੇ ਹੱਲ ਕਰੋ।
ਕਿਉਂਕਿ ਰਾਹਾਂ ਵਿੱਚ ਕੰਡੇ ਸੁੱਟਦੇ ਤੁਰਦੇ ਜਾਂਦੇ ਰਾਹੀਆਂ ਦੇ,
ਹੋਸ਼ ਕਰੋ ਖੁੱਦਗਰਜੋ ਐਵੇਂ ਝੱਲਿਆਂ ਜਏ ਨਾ ਝੱਲ ਕਰੋ।
ਬੜੀ ਕੀਮਤੀ ਹੁੰਦੀ ਟਿਕ-ਟਿਕ ਇਹ ਜੋ ਵੱਜਦੀ ਘੜੀਆਂ ਦੀ,
ਐਂ ਨਾ ਬੈਠ ਗੁਜਾਰੋ ਇਸ ਨੂੰ ਕੁਝ ਨਾ ਕੁਝ ਹਰ ਪਲ ਕਰੋ।
ਖਿੰਡ ਜਾਵੋਗੇ ਤੇ ਤਾਕਤ ਵੀ ਭਲਿਓ ਘੱਟਦੀ ਜਾਵੇਗੀ,
ਮੁੱਠੀ ਵਾਂਗੂੰ 'ਕੱਠੇ ਹੋ ਜਾਉ ਏਕਤਾ ਦੇ ਵਿੱਚ ਬੱਲ ਕਰੋ।
ਮਾਨਵਤਾ ਇਹ ਨਾਲ ਸ਼ਰਮ ਦੇ ਪਾਣੀ-ਪਾਣੀ ਹੋਵੇ ਨਾ,
ਬੰਦੇ ਹੋ ਕੇ ਪਸ਼ੂਆਂ ਵਾਲੇ ਦੁਨੀਆਂ 'ਤੇ ਨਾ ਲੱਲ ਕਰੋ।
ਦੇ ਕੇ ਦੋਸ਼ ਨਸੀਬਾਂ ਨੂੰ ਤੇ ਕਿਉਂ "ਪਾਰਸ" ਜੀ ਬੈਠੇ ਹੋ,
ਰਹਿਕੇ ਵਿੱਚ ਹਨ੍ਹੇਰਿਆਂ ਖੁਦ'ਨਾ ਨਾ ਐਵੇਂ ਹੀ ਛੱਲ ਕਰੋ।

**787/10 ਪ੍ਰੇਮ ਨਗਰ, ਹਰਦੋਛੰਨੀ**
**ਰੋਡ ਗੁਰਦਾਸਪੁਰ,**

**ਮੋਬਾ : 09988811681,08427779155**



## ਹਰਕੋਮਲ ਬਰਿਆਰ

ਉਹ ਦੋਸ਼ ਲਾ ਰਹੇ ਨੇ, ਸੂਹੇ ਸਵੇਰਿਆਂ ਤੇ।
ਕਰਿਆ ਨਾ ਕਰ ਭਰੋਸਾ, ਕਾਲੇ ਹਨੇਰਿਆਂ ਤੇ।
ਜੋ ਬਾਗ ਦੇ ਨੇ ਮਾਲੀ, ਖ਼ੁਦ ਮਸਲਦੇ ਨੇ ਕਲੀਆਂ।
ਰਖਮੀ ਨਜ਼ਰ ਹੈ ਪੈਣੀ, ਸਭ ਨੂੰ ਫੁਲੇਰਿਆਂ ਤੇ।
ਇਕ ਹੱਥ ਸੀਸ ਧਰ ਲੈ, ਦੂਜੇ ਕਟਾਰ ਫੜ ਲੈ
ਜ਼ਾਲਮ ਨੂੰ ਸ਼ਕ ਰਹੇ ਨਾ, ਸਾਡੇ ਇਹ ਜੇਰਿਆਂ ਤੇ।
ਸਭ ਨੂੰ ਪਤਾ ਹੈ ਲੰਕਾ, ਢਾਹੁੰਦਾ ਹੈ ਘਰ ਦਾ ਭੇਤੀ,
ਦੁਸ਼ਮਣ ਤੋਂ ਵਧ ਨਜ਼ਰ ਤੂੰ, ਰੱਖੀਂ ਚਚੇਰਿਆਂ ਤੇ।
ਬਾਣੀ ਗੁਰਾਂ ਦੀ ਤੇਰਾ ਬਣਦੀ ਹੈ ਰਾਹ ਦਸੇਰਾ,
ਫਿਰ ਭਾਲਦਾ ਹੈਂ ਕੀ ਤੂੰ, ਜਾ ਜਾ ਕੇ ਡੇਰਿਆਂ ਤੇ।
ਐਸੀ ਕਿਰਤ ਨਾ ਕਰਨੀ, ਪੈ ਜੇ ਨਮੋਸ਼ੀ ਜਰਨੀ,
ਵੇਖੀਂ ਮਲੀਂ ਨਾ ਕਾਲਖ, ਮਾਂ ਪਿਉ ਦੇ ਚਿਹਰਿਆਂ ਤੇ।
ਦਿਸਦੈ ਅਜੇ ਹਨੇਰਾ ਤੇ ਦੂਰ ਹੈ ਸਵੇਰਾ,
ਉੱਠ ਬਾਲ ਕੇ ਧਰੀਂ ਤੂੰ, ਦੀਵੇ ਬਨੇਰਿਆਂ ਤੇ।
ਇਹ ਚੋਗ ਚੁਗਣ ਆਉਂਦੇ, ਮੁੜ ਕੇ ਨਾ ਮੂੰਹ ਵਿਖਾਉਂਦੇ,
ਇਤਬਾਰ ਕਰ ਨਾ ਬੈਠੀਂ, ਫਸਲੀ ਬਟੇਰਿਆਂ ਤੇ।
ਇਹ ਫਿਰਨ ਦਨਦਨਾਉਂਦੇ, ਕਾਬੂ ਨਹੀਂ ਜੋ ਆਉਂਦੇ,
ਨੇਤਾ ਦਾ ਹੱਥ ਲਗਦੈ, ਇਹਨ੍ਹਾਂ ਲੁਟੇਰਿਆਂ ਤੇ।

**ਗੁਰੂ ਤੇਗ ਬਹਾਦਰ ਨਗਰ ਜਗਰਾਉਂ**
**94637-44580**

◆◆◆

## ਮਹਿੰਦਰ ਮਾਨ

ਵੇਲੇ ਸਿਰ ਉਪਚਾਰ ਹੋ ਜਾਂਦਾ ਜੇ ਕਰ ਬੀਮਾਰ ਦਾ,
ਤਾਂ ਉਹ ਆਪਣੀ ਜ਼ਿੰਦਗੀ ਨਾ ਮੌਤ ਅੱਗੇ ਹਾਰ ਦਾ।
ਬਾਪ ਆਪਣੇ ਪੁੱਤ ਨੂੰ ਬਾਹਰ ਕਦੇ ਨਾ ਭੇਜਦਾ,
ਉਸ ਨੂੰ ਜੇ ਕਰ ਫਿਕਰ ਹੁੰਦਾ ਨਾ ਉਦ੍ਹੇ ਰੁਜ਼ਗਾਰ ਦਾ।
ਧਨ ਜਦੋਂ ਤੱਕ ਕਾਮਿਆਂ ਨੂੰ ਦੋਸਤੋ ਮਿਲਦਾ ਨਹੀਂ,
ਦਬਦਬਾ ਰਹਿਣਾ ਉਦੋਂ ਤੱਕ ਜੱਗ ਵਿੱਚ ਜ਼ਰਦਾਰ ਦਾ।
ਲੋੜ ਵੇਲੇ ਕੰਮ ਜਿਹੜਾ ਦੋਹਾਂ ਚੋਂ ਨਾ ਆ ਸਕੇ,
ਫਾਇਦਾ ਫਿਰ ਕੀ ਹੈ ਉਸ ਦੋਸਤ ਅਤੇ ਹਥਿਆਰ ਦਾ।

ਰੱਬ ਵਾਂਗਰ ਪੂਜਦੇ ਨੇ ਉਸ ਨੂੰ ਯਾਰੋ ਲੋਕ ਵੀ,
ਜੋ ਉਨ੍ਹਾਂ ਦੇ ਵਾਸਤੇ ਹੈ ਜਾਨ ਆਪਣੀ ਵਾਰਦਾ।
ਦੁਸ਼ਮਣਾਂ ਤੋਂ ਤਾਂ ਹਮੇਸ਼ਾਂ ਬੰਦਾ ਰਹਿੰਦਾ ਹੈ ਸੁਚੇਤ,
ਮਾਰਦਾ ਹੈ ਜਦ ਵੀ, ਹੈ ਆਪਣਾ ਹੀ ਉਸ ਨੂੰ ਮਾਰਦਾ।
ਸਾਰੇ ਹਥਿਆਰਾਂ ਨੂੰ ਜਿੱਥੇ ਮੂੰਹ ਦੀ ਖਾਣੀ ਪੈਂਦੀ ਹੈ,
ਕੰਮ ਉੱਥੇ ਆਂਦਾ ਹੈ ਹਥਿਆਰ ਕੇਵਲ ਪਿਆਰ ਦਾ।

**99**158-03545

◆◆◆

## ਨਜ਼ਮ

**ਗੁਰਦਿਆਲ ਪੱਲ੍ਹਾ**

ਘਰ ਹੀ ਘਰ ਵਿੱਚੋਂ ਗਾਇਬ ਹੋ ਗਿਆ।
ਤਿੱਪ ਤਿੱਪ ਮਕਾਨ ਹਉਕੇ ਚੋ ਰਿਹਾ।
ਨਾ ਕੰਧ ਨਾ ਖਿੜਕੀ ਨਾ ਬੂਹਾ ਹੈ
ਚੁਲ੍ਹਾ ਚੌਕਾ ਫਿਰ ਵੀ ਹੈ ਮੋਹ ਰਿਹਾ।
ਸਾਂਝ ਨਹੀਂ ਰਹੀ ਦੁੱਖ ਤੇ ਸੁਖ ਦੀ
ਪਤਾ ਨਹੀਂ ਰਿਸ਼ਤਿਆਂ ਨੂੰ ਕੀ ਹੋ ਗਿਆ।
ਆਦਮੀ ਹੁਣ ਆਦਮੀ ਨਹੀਂ ਰਿਹਾ
ਸਿੱਤਮ ਦੀ ਧੂੜ ਵਿੱਚ ਇਹ ਖੋਹ ਗਿਆ।
ਨਾ ਰੀਝ ਰਹੀ ਨਾ ਕੋਈ ਚਾਅ ਰਿਹਾ
ਹੋਣੀ ਆਪਣੀ ਹਰ ਕੋਈ ਰੋ ਰਿਹਾ।
ਛਿੜੀ ਕੰਬਣੀ ਜਦੋਂ ਦੀ ਜ਼ਿਹਨ ਨੂੰ
ਹਰਫਾਂ ਦਾ ਦਰਿਆ ਪੱਲ੍ਹਾ ਹੋ ਗਿਆ।

**ਪਿੰਡ ਪੱਲ੍ਹਾ**
**ਡ.ਘ. ਗੱਗੜ ਭਾਣਾ**
**ਜ਼ਿਲ੍ਹਾ ਅੰਮ੍ਰਿਤਸਰ,** 143205
**ਮੋਬਾ :** 9592446162


◆◆◆



# ਗੀਤ ਪਟਾਰੀ

## ਪੀੜ ਤੇਰੇ ਜਾਣ ਦੀ

**ਅਜੀਤ ਸਿੰਘ ''ਰਾਹੀ''**



ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ
ਜ਼ਖਮ ਹੋਏ ਸੱਜਰੇ ਕਿਵੇਂ ਭਰਾਂਗਾ ਮੈਂ

ਦਿਨ ਔਖੇ ਲੰਘਦੇ ਰਾਤਾਂ ਲੰਮੇਰੀਆਂ।
ਪਰਦੇਸ ਜਾ ਕੇ ਬਹਿ ਗਿਆ ਪਾਈਆਂ ਨਾ ਫੇਰੀਆਂ।
ਤੇਰੇ ਵਗੈਰ ਜੀ ਕੇ ਹੁਣ ਕੀ ਕਰਾਂਗਾ ਮੈਂ।
ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ।

ਵੇਹੜਾ ਸੁੰਨਾ ਹੋ ਗਿਆ ਦਿਲ ਬਾਗ ਦਾ।
ਅੱਖ ਖੁੱਲੇ ਰਾਤ ਨੂੰ ਮੈਂ ਰਹਾਂ ਜਾਗਦਾ।
ਖਬਰੇ ਕਿਹੜੀ ਮੌਤ ਹੁਣ ਮਰਾਂਗਾ ਮੈਂ।
ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ।

ਲਿਖੀਆਂ ਨੇ ਧੁਰੋਂ ਹੀ ਤਕਦੀਰਾਂ ਮਾੜੀਆਂ।
ਕੈਦੀਆਂ ਦੇ ਵਾਂਗ ਜਿੰਦਾ ਘਰ 'ਚ ਤਾੜੀਆਂ।
ਹੁਣ ਉਡਾਰੀ ਮਾਰ ਕੇ ਅਸਮਾਨੀ ਚੜ੍ਹਾਂਗਾ ਮੈਂ।
ਪੀੜ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ।

ਭੁੱਲੀਆਂ ਨਾ ਜਾਣ ਮੈਥੋਂ ਯਾਦਾਂ ਤੇਰੀਆਂ।
ਮੈਨੂੰ ਪਤੈ ਮੁੜ ਕੇ ਨਾ ਪਾਵੇ ਫੇਰੀਆਂ।
ਕੋਠੇ ਚੜ੍ਹਕੇ ਫਿਰ ਵੀ ਉਡੀਕ ਕਰਾਂਗਾ ਮੈਂ।
ਪੀੜ੍ਹ ਤੇਰੇ ਜਾਣ ਦੀ ਕਿੱਦਾਂ ਜਰਾਂਗਾ ਮੈਂ।

**ਮਕਾਨ ਨੰ.** 12, **ਗਲੀ ਨੰ.** 1
**ਨੇੜੇ ਸੂਲਰ ਚੌਂਕ ਪਟਿਆਲਾ,**
**ਮੋਬਾ :** 98729-31704

◆◆◆

# ਕੈਂਸਰ

**ਉਡੀਕ ਸਿੰਘ**

ਆਪਣੀ ਮਾਂ ਨੂੰ ਜਦ ਮੈਂ ਚੇਤੇ ਕਰਦਾ ਹਾਂ
ਇਹ ਕੈਂਸਰ ਤੋਂ ਮੈਂ ਬੜਾ ਹੀ ਡਰਦਾ ਹਾਂ।
ਅੱਜ ਪੰਜਾਬੀ ਇਸ ਕੈਂਸਰ ਨੇ ਤੰਗ ਕਰੇ।
ਮਾਰੇ ਇਹ ਬਾਅਦ 'ਚ ਪਹਿਲਾਂ ਨੰਗ ਕਰੇ।
ਡਰਦੀ ਨਹੀਂ ਸੀ ਕੌਮ ਜਿਹੜੀ ਤਲਵਾਰਾਂ ਤੋਂ
ਅੱਜ ਇਹ ਕੈਂਸਰ ਮਾਰੇ ਬਿਨ ਹਥਿਆਰਾਂ ਤੋਂ।


ਆਓ ਪੰਜਾਬੀਓ ਰਲ ਕੇ ਸਕੀਮ ਬਣਾਈਏ ਜੀ
ਗੁਰੂਆਂ ਪੀਰਾਂ ਦੀ ਧਰਤੀ ਆਪਾਂ ਬਚਾਈਆਂ ਜੀ।
ਘਰ ਘਰ ਵਿੱਚ ਇਹ ਸੰਦੇਸ਼ ਪਹੁੰਚਾਈਏ ਜੀ
ਆਓ ਸਾਰੇ ਰਲ ਕੇ ਰੁੱਖ ਲਗਾਈਏ ਜੀ।
ਰੱਖੀਏ ਗੰਦਗੀ ਦੂਰ ਅਸੀਂ ਦਰਿਆਵਾਂ ਤੋਂ, ਅੱਜ ਇਹ ਕੈਂਸਰ...

ਮੁੜ ਆਵੇ ਹਰਿਆਲੀ ਪੰਛੀ ਚਹਿਕਣ ਫਿਰ
ਘਰ ਘਰ ਦੇ ਵਿੱਚ ਫੁੱਲ ਖੁਸ਼ੀ ਦੇ ਮਹਿਕਣ ਫਿਰ।
ਕਹੇ ਉਡੀਕ ਭੰਗੜੇ ਗਿੱਧੇ ਪੈਣ ਸਦਾ
ਕੁੜੀਆਂ ਚਿੜੀਆਂ ਸਾਡੀਆਂ ਜਿਉਂਦੀਆਂ ਰਹਿਣ ਸਦਾ।
ਰਲ ਕੇ ਸਮਾਜ ਬਚਾਈਏ ਮਿਲਾਵਟਖੋਰ ਗਦਾਰਾਂ ਤੋਂ
ਅੱਜ ਇਹ ਕੈਂਸਰ ਮਾਰੇ ਬਿਨ ਹਥਿਆਰਾਂ ਤੋਂ।

**ਸੰਪਰਕ** : 081950-52751

◆◆◆

## ਸ਼ੋਕ ਸਮਾਚਾਰ



ਨੌਜਵਾਨ ਸ਼ਾਇਰ ਹਰਜਸ ਦਿਲਬਰ ਦੇ ਸਤਿਕਾਰਤ ਪਿਤਾ ਸ. ਸੁੱਚਾ ਸਿੰਘ ਜੀ 14 ਅਗਸਤ 2015 ਨੂੰ ਅਕਾਲ ਚਲਾਣਾ ਕਰ ਗਏ। ਉਹਨਾਂ ਦੇ ਬੇਵਕਤੀ ਵਿਛੋੜੇ 'ਤੇ ਅਦਾਰਾ "ਰੂਹ ਪੰਜਾਬੀ" ਹਰਜਸ ਦਿਲਬਰ ਅਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ ਅਤੇ ਕਾਮਨਾ ਕਰਦਾ ਹੈ ਕਿ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਮਿਲੇ।



# "ਸਾਵਲੀ ਕੁੜੀ'

**- ਹਰਜਸ ਦਿਲਬਰ**



ਹੈ ਸਾਵਲੀ ਕੁੜੀ ਅਦਾਵਾਂ ਹਨ ਸੋਹਣੀਆਂ
ਅਦਾਵਾਂ ਹਨ ਸੋਹਣੀਆਂ ਬਹੁਤ ਮਨ ਮੋਹਣੀਆਂ
ਨੈਣਾਂ ਨਾਲ ਸਾਵਲੀ ਸਵਾਲ ਕਰੀ ਜਾਂਦੀ ਏ
ਬਾਦਸ਼ਾਹੀ ਤੋਰ ਤੇ ਕਮਾਲ ਕਰੀ ਜਾਂਦੀ ਏ
ਗੁਣਾਂ ਪੱਖੋਂ ਪੂਰੀ ਹੈ ਸਾਵਲੀ ਕੁੜੀ
ਨਹੀਂ ਕਿਸੇ ਗੱਲੋਂ ਕੁੜੀ ਸਾਵਲੀ ਥੁੜੀ
ਦਿਲ ਕਰੇ ਮੇਰਾ ਉਹਦਾ ਗੀਤ ਬਣਾਵਾਂ
ਗੀਤ ਵਿੱਚ ਸਾਵਲੀ ਕੁੜੀ ਨੂੰ ਸਲ੍ਹਾਵਾਂ
ਪੌਣਾਂ ਵਿੱਚ ਉਹ ਸੁਗੰਧਾਂ ਘੋਲ ਗਈ
ਸਾਵਲੀ ਕੁੜੀ ਬੋਲ ਮਿੱਠੇ ਬੋਲ ਗਈ
ਨਾਂ ਆਕੜ ਮਜਾਜ ਨਾਂ ਹੈ ਫਤੂਰ
ਦਿਲਾ ਸਾਵਲੀ ਕੁੜੀ ਏ ਨਹੀਂ ਮਗਰੂਰ
ਗੋਰੀਆਂ ਦੇ ਵੱਲ ਨਹੀਂ ਮੁੰਡੇ ਤੱਕਦੇ
ਸਾਵਲੀ ਕੁੜੀ ਤੇ ਸਾਰੇ ਅੱਖ ਰੱਖਦੇ
ਇਕ ਫਿਟ ਕਲਬੂਤ ਤੇ ਦੂਜਾ ਨੱਕ ਤਲਵਾਰ
ਨੱਕ ਵਿੱਚ ਕੋਕਾ ਹੈ ਸੋਹਣਾ ਬੇਸ਼ੁਮਾਰ
ਵਿਚ ਗੋਰੀਆਂ ਦੇ ਉਹਦੀ ਵੱਖਰੀ ਪਛਾਣ
ਰੰਗ ਉਹਦਾ ਸਾਵਲਾ ਉਹ ਹੈ ਜਵਾਨ
ਆਪਣੇ ਹੀ ਕਾਜ 'ਚ ਖਿਆਲ ਰੱਖਦੀ
ਕੁੜੀ ਸਾਵਲੀ ਨਹੀਂ ਕਿਸੇ ਵੱਲ ਤੱਕਦੀ
ਕਹਿ ਕੇ "ਦਿਲਬਰ" ਉਹਨੂੰ ਕੁੜੀਆਂ ਸਤਾਉਂਦੀਆਂ
ਬਦੋ ਬਦੀ "ਹਰਜਸ" ਮੋਹਰੇ ਨੇ ਬੁਲਾਉਂਦੀਆਂ
ਸਾਵਲੀ ਕੁੜੀ ਦੀ ਮੈਂ ਖ਼ੈਰ ਸੁਖ ਮੰਗਦਾ
ਪੀਰਾਂ ਦੀ ਦਰਗਾਹ ਕੋਲੋਂ ਜਦੋਂ ਲੰਘਦਾ

**906, ਸੰਜੇ ਗਾਂਧੀ ਕਲੋਨੀ**
**ਰਤਨ ਸਿੰਘ ਚੌਕ, ਫਤਹਿਗੜ੍ਹ**
**ਚੂੜੀਆਂ ਰੋਡ, ਅੰਮ੍ਰਿਤਸਰ** -143001

◆◆◆

# ਅਰਜੋਈ

ਗੁਰਪ੍ਰੀਤ ਕੌਰ ਗਿੱਲ

ਇਤਫਾਕ ਹੋਵੇ ਭਾਵੇਂ ਤੇਰਾ ਆਉਣਾ।
ਪਰ ਛਲ ਲਗਦਾ ਹੈ ਤੇਰਾ ਜਾਣਾ।

ਮੈਨੂੰ ਇੰਞ ਜਾਪੇ ਮੇਰਿਆ ਸੱਜਣਾ,
ਕੋਈ ਹੋਰ ਤੈਨੂੰ ਭਰਮਾਉਂਦੀ ਏ।

ਮੈ ਖੁਦ ਖੋ ਜਾਵਾਂ ਖੁਦ ਵਿਚ ਹੀ,
ਜਾਂ ਰਮਜ਼ ਕੋਈ ਮੈਨੂੰ ਉਕਸਾਵੇ।

ਮੇਰੇ ਸੁੱਤੇ ਪਏ ਜ਼ਜਬਾਤਾਂ ਨੂੰ,
ਆ ਛਮਕਾਂ ਮਾਰ ਜਗਾਉਂਦੀ ਏ।

ਜਿਵੇਂ ਸਿਖ਼ਰ ਦੁਪਹਿਰੇ ਖਿੜੀ ਕਲੀ,
ਪਲ ਹੀ ਪਲ ਵਿਚ ਕੁਮਲਾ ਜਾਵੇ।

ਮਾਰੂਥਲ ਦੀ ਤਪਦੀ ਰੇਤਾ ਵਾਂਙ,
ਤੇਰੀ ਯਾਦ ਮੈਨੂੰ ਤੜਪਾਉਂਦੀ ਏ।

ਪਾ ਮੋੜਾ ਹੁਣ ਛੱਡ ਸ਼ਿਕਵੇ ਰੋਸੇ,
ਪੂੰਝ ਆ ਕੇ ਹੰਝੂ ਜੋ ਵਗਦੇ ਕੋਸੇ।

ਤੇਰੇ ਮਿਲਣ ਦੀ ਚਾਹਤ ਵਿਚ ਸੋਗੀ
ਗੁਰਪ੍ਰੀਤ ਦੀ ਰੂਹ ਕੁਰਲਾਉਂਦੀ ਏ।

***98158 46169***

◆◆◆



# ਪਤਾ ਨਹੀਂ ਐਨਾਂ ਘਾਣ ਕਿਉਂ?

-ਸੁਖਚੈਨ ਸਿੰਘ ਤੋਲਾਂਵਾਲ

1. ਅੱਜ ਛੱਪਰ ਮਜਦੂਰ ਦਾ ਚੋ ਰਿਹਾ,
ਭੁੱਖ ਵਾਝੋਂ ਪੇਟ ਥਾਪੜ- ਥਾਪੜ ਰੋ ਰਿਹਾ,
ਪਰ ਪਤਾ ਨਹੀਂ ਐਨਾ ਘਾਣ ਕਿਉ?
2. ਕਿਸਾਨ ਬੱਦਲਾਂ ਨੂੰ ਦੇਖ ਕੇ ਖੁਸ਼ ਹੋ ਰਿਹਾ,
ਪਰ ਫਸਲਾਂ ਦੇ ਪਏ ਘਾਟੇ ਤੋਂ ਚਿਹਰਾ ਸਰਕਾਰਾਂ ਤੋਂ ਪ੍ਰੇਸ਼ਾਨ ਹੋ ਰਿਹਾ,
ਪਰ ਪਤਾ ਨਹੀਂ ਐਨਾ ਘਾਣ ਕਿਉ?
ਅੰਨਦਾਤੇ ਦਾ ਹੋ ਰਿਹਾ।
3. ਬੇਰੁਜ਼ਗਾਰੀ ਦੇ ਨਾਂ ਤੇ ਕੋਈ ਲੀਡਰ ਸ਼ੁਹਰਤ ਕਮਾ ਰਿਹਾ,
ਉੱਧਰ ਬੇਰੁਜ਼ਗਾਰ, ਬੇਰੁਜ਼ਗਾਰੀ ਦੀ ਦਲਦਲ ਵਿੱਚ ਧਸਦਾ ਜਾ ਰਿਹਾ।
ਪਰ ਪਤਾ ਨਹੀਂ ਐਨਾ ਘਾਣ ਕਿਉਂ?
ਪੜ੍ਹੇ ਲਿਖੇ ਦਾ ਹੋ ਰਿਹਾ।
4. ਮੁਲਾਜ਼ਮਾਂ ਦਾ ਇਕੱਠ ਹੱਥ ਚੁੱਕ ਬੈਨਰ ਪ੍ਰਦਰਸ਼ਨ ਕਰ ਰਿਹਾ,
ਨਵਾਂ ਕਮਿਸ਼ਨ ਲਾਗੂ ਕਰਵਾਉਣ ਲਈ ਸਰਕਾਰਾਂ ਦੇ ਵਾਸਤੇ ਪਾ ਰਿਹਾ,
ਪਰ ਪਤਾ ਨਹੀਂ ਐਨਾਂ ਘਾਣ ਕਿਉਂ?
ਮੁਲਾਜ਼ਮਾਂ ਦਾ ਹੋ ਰਿਹਾ।
5. ਉੱਧਰ ਸਰਕਾਰੀ ਲੀਡਰ ਬਜ਼ੁਰਗਾਂ ਨੂੰ ਪੈਨਸ਼ਨ ਦਾ ਲਾਲਚ ਦਵਾ ਰਿਹਾ,
ਬਾਪੂ ਦੀ ਐਨਕ ਸਮਝ ਮੁੰਡਾ ਸਸਤੇ ਰੇਟੋਂ ਬਣਵਾ ਰਿਹਾ।
ਪਰ ਪਤਾ ਨਹੀਂ ਐਨਾ ਘਾਣ ਕਿਉਂ?
ਸਾਡੇ ਵੱਡੇ ਬਜ਼ੁਰਗਾਂ ਦਾ ਹੋ ਰਿਹਾ।
6. ਅਮੀਰ ਆਪਣੇ ਕੁੱਤੇ ਨੂੰ ਗੱਡੀ ਤੇ ਘੁਮਾਂ ਰਿਹਾ,
ਗਰੀਬ ਆਪਣੇ ਬੱਚੇ ਨੂੰ ਸੁੱਕਾ ਟੁੱਕ ਦੇ ਕੇ ਚੁੱਪ ਕਰਵਾ ਰਿਹਾ,
ਪਰ ਪਤਾ ਨਹੀਂ ਐਨਾ ਘਾਣ ਕਿਉਂ?
ਗਰੀਬਾਂ ਦਾ ਹੋ ਰਿਹਾ।
7. ਮਨ ਦਾ ਸੱਚਾ ਗਰੀਬੀ ਤੇ ਪਲਦਾ ਸੁਖ ਮਿਹਨਤ ਦੀ ਖਾ ਰਿਹਾ,
ਇਸ ਮਿਹਨਤ ਵਿੱਚੋਂ ਵੀ ਕੋਈ ਕਾਟ ਲਾ ਰਿਹਾ,
ਪਰ ਪਤਾ ਨਹੀਂ ਐਨਾ ਘਾਣ ਕਿਉਂ?
ਮਿਹਨਤੀਆਂ ਦਾ ਹੋ ਰਿਹਾ।

**ਤਹਿ. ਸੁਨਾਮ (ਸੰਗਰੂਰ)**
**ਮੋਬਾਇਲ** 95015-30163

◆◆◆

## ਦੁਨੀਆਂ ਦੀ ਗੱਡੀ

**ਸੁਖਦੇਵ ਸਿੰਘ ਗੰਢਵਾ**

ਫੜੀ ਰਫਤਾਰ ਜਾਂਦੀ ਦੁਨੀਆਂ ਦੀ ਗੱਡੀ
ਕੋਈ ਕਰੇ ਲੋਕ ਸੇਵਾ ਕੋਈ ਮਾਰੇ ਠੱਗੀ।
ਫੜੀ ਰਫਤਾਰ ਜਾਂਦੀ...।
ਕੋਈ ਵੱਡਾ ਅਹਿਲਕਾਰ ਕੋਈ ਫਿਕੇ ਹੱਥ ਅੱਡੀ।
ਫੜੀ ਰਫਤਾਰ ਜਾਂਦੀ...।
ਕੋਈ ਝੂਠੇ ਅਡੰਬਰਾਂ ਦੇ ਝੰਡੇ ਜਾਂਦਾ ਗੱਡੀ।
ਫੜੀ ਰਫਤਾਰ ਜਾਂਦੀ...
ਰੂੜੀਵਾਦੀ ਰੀਤਾਂ ਦੀ ਨਾ ਪੈੜ ਜਾਂਦੀ ਛੱਡੀ।
ਫੜੀ ਰਫਤਾਰ ਜਾਂਦੀ...
ਗਿਣਤੀ ਨਸ਼ੇੜੀਆਂ ਦੀ ਨਿਤ ਜਾਂਦੀ ਵਧੀ
ਫੜੀ ਰਫਤਾਰ ਜਾਂਦੀ...
ਕੋਈ ਲੁਟਮਾਰ ਦੀਆਂ ਕਾਢਾਂ ਜਾਂਦਾ ਕੱਢੀ।
ਫੜੀ ਰਫਤਾਰ ਜਾਂਦੀ...
ਧੋਖਾ ਦੇ ਸੈਕੰਡਲਾਂ ਦੀ ਲੜੀ ਜਾਂਦੀ ਵਧੀ।
ਫੜੀ ਰਫਤਾਰ ਜਾਂਦੀ...।
ਟੀ.ਵੀ. ਤੇ ਮੋਬਾਇਲਾਂ 'ਚ ਸੁਤਾ ਰਹੇ ਲੱਗੀ
ਫੜੀ ਰਫਤਾਰ ਜਾਂਦੀ...
ਫੈਸ਼ਨਾਂ ਦੇ ਰੰਗਾਂ ਨਾ ਕਸਰ ਕੋਈ ਛੱਡੀ
ਫੜੀ ਰਫਤਾਰ ਜਾਂਦੀ
ਦੁਨੀਆਂ ਦੀ ਦੌੜ ਸੁੱਖਿਆ ਮਾਇਆ ਪਿੱਛੇ ਲੱਗੀ।
ਫੜੀ ਰਫਤਾਰ ਜਾਂਦੀ ਦੁਨੀਆਂ ਦੀ ਗੱਡੀ।

**89-ਸਤਨਾਮਪੁਰਾ (ਪੁਰਾਣਾ) ਗਲੀ ਨੰ. 2**
**ਫਗਵਾੜਾ (ਕਪੂਰਥਲਾ) 9646-56737, 96467-56737**

◆◆◆



# ਕਹਾਣੀ/ਮਿੰਨੀ ਕਹਾਣੀਆਂ

## ਤ੍ਰਵੈਣੀ

**ਹਰਚਰਨ ਕੌਰ ਚੰਨੀ 'ਚਹਿਲ'**

ਸਾਡੇ ਪਿੰਡ ਦੀ ਜੂਹ ਸ਼ੁਰੂ ਹੁੰਦਿਆਂ ਹੀ ਸੜਕ ਦੇ ਖੱਬੇ ਪਾਸੇ ਝੁੰਬੇ ਵਾਲੇ ਬਾਬੇ ਦੀ ਜਗ੍ਹਾ ਬਣੀ ਹੋਈ ਹੈ। ਇੱਥੇ ਇੱਕ ਛੋਟੀ ਜਿਹੀ ਸਮਾਧ ਹੈ ਜੋ ਕਿ ਦਰੱਖਤਾਂ ਦੇ ਝੁੰਡ ਦੇ ਵਿਚਾਲੇ ਲੁਕੀ ਹੋਈ, ਦੂਰੋਂ ਨੇੜਿਓਂ ਲੋਕ ਇਥੇ ਮੰਨਤਾਂ ਮੰਗਣ ਆਉਂਦੇ ਹਨ। ਵਿਸ਼ਵਾਸ ਕਰਦੇ ਹਨ ਕਿ ਹਰ ਮੁਰਾਦ ਇਥੇ ਪੂਰੀ ਹੁੰਦੀ ਹੈ।

ਮੈਂ ਇਨ੍ਹਾਂ ਵਹਿਮਾਂ ਵਿੱਚ ਯਕੀਨ ਨਹੀਂ ਕਰਦੀ। ਗਰਮੀਂ ਦੀ ਇਕ ਦੁਪਹਿਰ ਸੀ। ਮੈਂ ਇਸੇ ਰਸਤਿਓਂ ਪਿੰਡ ਆਉਣਾ ਸੀ। ਪਰ ਆਉਣ ਲਈ ਕਿਸੇ ਵੀ ਸਾਧਨ ਦਾ ਜੁਗਾੜ ਨਾ ਹੋ ਸਕਿਆ। ਮਜਬੂਰੀ ਵਸ ਮੈਨੂੰ ਪੈਦਲ ਹੀ ਆਉਣਾ ਪਿਆ। ਮੈਂ ਅੱਜ ਇਸ ਸਮਾਧ ਨੂੰ ਪਹਿਲੀ ਵਾਰ ਨੇੜਿਓਂ ਤੱਕਣਾ ਸੀ। ਲੋਕਾਂ ਦੀਆਂ ਕਹੀਆਂ ਗੱਲਾਂ ਮੇਰੇ ਦਿਮਾਗ ਵਿੱਚ ਘੁੰਮ ਰਹੀਆਂ ਸਨ। ਲੋਕਾਂ ਵਿੱਚ ਤ੍ਰਵੈਣੀ (ਨਿੰਮ, ਪਿੱਪਲ ਤੇ ਬੋਹੜ ਦੇ ਇਕੱਠੇ ਲਗਾਏ ਰੁੱਖ) ਦੀਆਂ ਚਰਚਾਵਾਂ ਬਹੁਤ ਸੁਣੀਆਂ ਸਨ ਕਿ ਇਥੇ ਇਹ ਤਿੰਨੇ ਰੁੱਖ ਲੋਕਾਂ ਨੇ ਗੱਲਾਂ ਕਰਦੇ ਸੁਣੇ ਹਨ। ਮੇਰੀ ਉਤਸੁਕਤਾ ਵਧ ਗਈ।

ਤ੍ਰਵੈਣੀ ਦੇ ਹੇਠ ਇੱਕ ਤਖ਼ਤਪੋਸ਼ ਪੱਕਾ ਹੀ ਡਾਹਿਆ ਹੋਇਆ ਸੀ ਤੇ ਉਸ ਦੇ ਕੋਲ ਇੱਕ ਪਾਣੀ ਦਾ ਘੜਾ ਭਰਿਆ ਹੋਇਆ ਜੋ ਜਾਂਦੇ ਰਾਹੀਆਂ ਦੀ ਸੁਵਿਧਾ ਲਈ ਸੀ। ਮੈਂ ਗਰਮੀ ਜ਼ਿਆਦਾ ਹੋਣ ਕਾਰਨ ਰਤਾ ਸਾਹ ਲੈਣ ਲਈ ਇਨ੍ਹਾਂ ਦਰੱਖਤਾਂ ਹੇਠ ਡਹੇ ਤਖਤਪੋਸ਼ ਉਤੇ ਬਹਿ ਗਈ। ਮੇਰਾ ਸਿਰ ਬਿਲਕੁੱਲ ਦਰਖਤਾਂ ਦੇ ਨਾਲ ਲੱਗਿਆ ਹੋਣ ਕਰਕੇ ਪਤਾ ਨਹੀਂ ਕਦੋਂ ਠੰਡੀ ਹਵਾ ਦੇ ਬੁਲਿਆਂ ਕਰਕੇ ਮੇਰੀ ਅੱਖ ਲੱਗ ਗਈ।

ਅਚਾਨਕ ਮੈਨੂੰ ਅਜੀਬ ਜਿਹੀ ਆਵਾਜ਼ ਆਈ। ਮੈਂ ਧਿਆਨ ਨਾਲ ਦੇਖਿਆ ਇਹ ਆਵਾਜ਼ ਨਿੰਮ ਦੀ ਸੀ ਜੋ ਹਾਉਕੇ ਲੈ ਕੇ ਰੋ ਰਿਹਾ ਸੀ।

"ਕੀ ਗੱਲ ਛੋਟੇ ਭਾਈ, ਰੋ ਕਿਉਂ ਰਿਹਾ ਹੈਂ?" ਪਿੱਪਲ ਨੇ ਪੁੱਛਿਆ।

"ਗੱਲਾਂ ਬਹੁਤ ਦਰਦ ਭਰੀਆਂ ਨੇ ਕੀ ਦੱਸਾਂ, ਸੱਚ ਪੁੱਛਦੇ ਓ ਤਾਂ ਮੇਰਾ ਤਾਂ ਇਸ ਜ਼ਿੰਦਗੀ ਤੋਂ ਹੀ ਜੀਅ ਅੱਕ ਚੁੱਕਾ ਹੈ। ਪਰ ਮੌਤ ਵੀ ਨਹੀਂ ਆਉਂਦੀ।" ਉਦਾਸ ਨਿੰਮ ਨੇ ਜਵਾਬ ਦਿੱਤਾ।

"ਹਾਂ ਛੋਟੇ ਭਾਈ ਗੱਲ ਤਾਂ ਤੇਰੀ ਠੀਕ ਹੈ। ਹੁਣ ਸਾਡੀ ਕਿਸੇ ਨੂੰ ਜ਼ਰੂਰਤ ਨਹੀਂ ਰਹੀ। ਸਮਾਂ ਤਾਂ ਪੁਰਾਣਾ ਹੀ ਚੰਗਾ ਸੀ। ਕਿਉ ਵੱਡੇ ਭਾਈ? ਪਿੱਪਲ ਨੇ ਬੋਹੜ ਤੋਂ ਹਾਮੀ ਭਰਾਉਂਦਿਆਂ ਕਿਹਾ।

"ਉਦੋ ਸਮੇਂ ਹੋਰ ਸੀ। ਅੱਜ ਹੋਰ ਨੇ। ਉਦੋਂ ਅਸੀਂ ਮਨੁੱਖ ਦੇ ਦੁੱਖ ਸੁੱਖ ਦੇ ਸੀਰੀ ਹੁੰਦੇ ਸੀ। ਜਦੋਂ ਸਾਉਣ ਮਹੀਨਾ ਚੜ੍ਹਦਾ, ਕਾਲੀਆਂ ਘਟਾਵਾਂ ਚੜਕੇ ਆਉਂਦੀਆਂ। ਇਸ ਬੀੜ ਵਿੱਚ 50-60 ਤਾਂ ਮੋਰ ਹੁੰਦੇ ਸੀ ਜੋ ਨਚਦੇ ਤੇ ਪੈਲਾਂ ਪਾਉਂਦੇ। ਸਾਰੇ ਘਰਾਂ ਵਿੱਚ ਖੀਰਾਂ ਬਣਦੀਆਂ ਤੇ ਪੂੜੇ ਪੱਕਦੇ ਤੇ ਲੋਕ ਉਨ੍ਹਾਂ ਨਾਲ ਸਾਡੇ ਤੇ ਮੱਥਾ ਟੇਕਣ ਆਉਂਦੇ। ਸ਼ਾਮ ਨੂੰ ਧੀਆਂ ਧਿਆਣੀਆਂ ਪੀਘਾਂ ਝੂਟਣ ਆਉਂਦੀਆਂ ਤੇ ਤੀਆਂ ਲਾਉਂਦੀਆਂ। ਅਸੀਂ ਉਨ੍ਹਾਂ ਦੀਆਂ ਖੁਸ਼ੀਆਂ ਵਿੱਚ ਸ਼ਰੀਕ ਹੁੰਦੇ।"

"ਮੈਨੂੰ ਯਾਦ ਏ ਮੇਰਾ ਜਨਮ ਤੁਹਾਡੇ ਨਾਲੋਂ ਦੋ ਸਾਲ ਪਹਿਲਾਂ ਏਸੇ ਜਗ੍ਹਾ ਹੋਇਆ ਸੀ ਤੇ ਤੁਹਾਨੂੰ ਦੋਨਾਂ ਨੂੰ ਗੱਜਨ ਵੇਦ ਨੇ ਭੂਤਾਂ ਵਾਲੇ ਖੂਹ ਲਾਗਿਓਂ ਪੁੱਟ ਕੇ ਇਥੇ ਲਾਇਆ ਸੀ। ਉਦੋਂ ਕਹਿੰਦੇ ਸਨ ਤ੍ਰਵੈਣੀ ਲਾਉਣ ਨਾਲ ਬੰਦੇ ਨੂੰ ਸਵਰਗ ਮਿਲਦਾ ਏ।" ਬੋਹੜ ਨੇ ਮਨ ਦੀ ਭੜਾਸ ਕੱਢੀ।

"ਉਹ ਤਾਂ ਵੱਡੇ ਭਾਈ ਵਕਤ ਹੀ ਹੋਰ ਸਨ। ਅੱਜ ਦਾ ਮਨੁੱਖ ਤਾਂ ਮਰਨਾ ਹੀ ਨਹੀਂ ਚਾਹੁੰਦਾ ਸਵਰਗ ਦੀ ਇੱਛਾ ਕਿਥੋਂ ਪਾਲੇਗਾ। ਨਸ਼ਿਆਂ ਨਾਲ ਸਰੀਰ ਦਾ ਨਾਸ ਕਰੀ ਜਾਦੈਂ। ਦਰੱਖਤ ਕੱਟ ਕੇ ਸਾਰੀ ਧਰਤੀ ਰੁੰਡ ਮਰੁੰਡ ਕਰ ਦਿੱਤੀ ਫਸਲਾਂ ਸੋਕੇ ਨਾਲ ਮਰੀ ਜਾਂਦੀਆਂ ਨੇ। ਤਾਂ ਹੀ ਤਾਂ ਮੀਂਹ ਨੀ ਪੈਂਦਾ ਸਮੇਂ ਸਿਰ।" ਨਿੰਮ ਨੇ ਗੱਲ ਜਾਰੀ ਰੱਖੀ।

"ਉਏ ਤੁਸੀਂ ਦੋਨੇ ਤਾਂ ਪਾਗਲ ਹੋ ਜੋ ਇਸ ਅਕ੍ਰਿਤਘਣ ਮਨੁੱਖ ਤੋਂ ਦਿਆ ਦੀ ਉਮੀਦ ਰੱਖਦੇ ਹੋ। ਅੱਜ ਇਹ ਆਪਣੇ ਭੈਣਾਂ ਭਰਾਵਾਂ ਨੂੰ ਵੱਢੀ ਜਾਂਦੈ ਜਾਇਦਾਦਾਂ ਲਈ। ਆਪਾਂ ਕੀ ਲੱਗੇ ਇਹਦੇ।" ਪਿੱਪਲ ਨੇ ਜੁਆਬ ਦਿੱਤਾ।

ਬੋਹੜ ਅੱਥਰੂਆਂ ਭਰੀਆਂ ਅੱਖਾਂ ਨਾਲ ਬੋਲਿਆ, "ਜੇ ਉਹ ਦਿਨ ਮੁੜ ਕੇ ਆ ਜਾਣ ਕਿ ਇਥੇ ਤੀਆਂ ਲੱਗਣ, ਖੀਰ- ਪੂੜੇ ਪੱਕਣ, ਪਾਲੀ ਪੀਲ ਪੰਲਾਘੜਾ ਖੇਡਣ ਤੇ ਬਜ਼ੁਰਗ ਸਾਡੇ ਥੱਲੇ ਬਹਿ ਕੇ ਤਾਸ਼ ਖੇਡਣ ਅਸੀਂ ਫੇਰ ਉਨ੍ਹਾਂ ਦੀਆਂ ਖੁਸ਼ੀਆਂ 'ਚ ਸ਼ਾਮਿਲ ਹੋ ਜਾਈਏ।"

ਫਿਰ ਉਹ ਤਿੰਨੇ ਠੰਢਾ ਹਾਉਕਾ ਭਰ ਕੇ ਇਕੱਠੇ ਬੋਲੇ "ਪਰ ਤੀਆਂ ਕੌਣ ਲਾਵੇਗਾ ਧੀ ਤਾਂ ਘਰ 'ਚ ਰੱਖੜੀ ਬੰਨਣ ਲਈ ਇੱਕ ਵੀ ਨਹੀਂ ਲੱਭਦੀ। ਧੀਆਂ ਮਾਰ ਮਾਰ ਕੇ ਤਾਂ ਇਨ੍ਹਾਂ ਨੇ ਖੂਹ ਭਰਤੇ। ਬਜ਼ੁਰਗ ਨਸ਼ੇੜੀ ਪੁੱਤਰਾਂ ਦੇ ਫਿਕਰਾਂ 'ਚ ਝੂਰਦੇ ਤੇ ਰੋਟੀ ਤੋਂ ਵੀ ਭੁੱਖੇ ਮੰਜਿਆਂ ਤੇ ਪਏ ਨੇ। ਬੱਚੇ ਇਨ੍ਹਾਂ ਦੇ ਟੀ.ਵੀ ਤੇ ਕੰਪਿਊਟਰ ਤੋਂ ਵਿਹਲੇ ਨਹੀਂ। ਇਹਨੇ ਤਾਂ ਪਾਪ੍ਰਨਹਾਰ ਰੱਬ ਤੇ ਜੰਮਣ ਵਾਲੀ ਮਾਂ ਨਾਲ ਸਾਂਝ ਨੀ ਰੱਖੀ ਤੇ ਸਾਡੇ ਨਾਲ ਕਿਹੜੀਆਂ ਸਾਂਝਾਂ। ਜੇ ਬਿਜਲੀ ਪਲ ਭਰ ਲੀ ਚਲੀ ਗਈ ਤਾਂ ਜਰਨੇਟਰ ਚਲਾ ਲਏਗਾ ਰੁੱਖਾਂ ਦੀ ਛਾਂ ਥੱਲੇ ਨੀ ਬਹਿਣਾ ਇਸ ਨੇ। ਪਿੰਡੋਂ ਆਉਂਦਾ ਬੰਦਾ ਦੇਖਕੇ ਡਰ ਜਿਹਾ ਲੱਗਦੈ ਕਿਤੇ ਦੁੱਖਾਂ ਪਰੇਸ਼ਾਨੀਆਂ ਦਾ ਮਾਰਿਆ ਸਾਡੀ ਟਾਹਣੀ ਨਾਲ ਫਾਹਾ ਹੀ ਨਾ ਲੈ ਲਵੇ। ਰੱਬ ਅੱਗੇ ਬੇਨਤੀ ਏ ਕਿ ਸਾਡੀ ਮੌਤ ਹੋ ਜਾਵੇ ਅਸੀਂ ਖੁਦਗਰਜ ਮਨੁੱਖਾਂ ਦੀ ਧਰਤੀ ਤੇ ਨਹੀਂ ਰਹਿਣਾ," ਤਿੰਨੇ ਉੱਚੇ ਉੱਚੀ ਰੋਣ ਲੱਗ ਗਏ। ਅਚਾਨਕ ਮੇਰੀ ਅੱਖ ਖੁੱਲ੍ਹ ਗਈ। ਕਾਲੀ ਘਟਾ ਚੜ ਕੇ ਆ ਗਈ ਸੀ। ਹਨੇਰੀ ਜ਼ੋਰ ਜ਼ੋਰ ਨਾਲ ਚੱਲ ਰਹੀ ਸੀ। ਪਰ ਰੱਬ ਦਾ ਸ਼ੁਕਰ ਸੀ ਕਿ ਇਹ ਸੱਚ ਨਹੀਂ ਸੁਫਨਾ ਹੀ ਸੀ। ਸੁਪਨਾ ਟੁੱਟ ਚੁੱਕਾ ਸੀ। ਮੇਰੀ ਨਿਗ੍ਹਾ ਹਵਾ ਨਾਲ ਜ਼ੋਰ ਜ਼ੋਰ ਨਾਲ ਹਿੱਲ ਰਹੇ ਤਿੰਨੇ ਰੁੱਖਾਂ ਵੱਲ ਪਈ। ਮੈਨੂੰ ਲੱਗਿਆ ਕਿ ਜਿਵੇਂ ਇਹ ਤਿੰਨੇ ਰੁੱਖ ਮੇਰੇ ਤੋਂ ਵਾਅਦਾ ਚਾਹੁੰਦੇ ਹੋਣ। "ਹੇ ਮਨੁੱਖ ਰੁੱਖ ਨਾ ਕੱਟ, ਵਾਤਾਵਰਨ ਬਰਬਾਦ ਨਾ ਕਰ। ਕੁਦਰਤ ਦੀ ਰਜਾ ਵਿੱਚ ਰਹਿ ਕੇ ਕੁਦਰਤ ਦਾ ਆਨੰਦ ਮਾਣ। ਨਹੀਂ ਤਾਂ ਆਉਣ ਵਾਲੀ ਤਬਾਹੀ ਦੀ ਤਿਆਰੀ ਕਰ। ਜੇ ਕੁਦਰਤ ਨਾ ਰਹੀ ਤਾਂ ਰਹਿਣਾ ਤੂੰ ਵੀ ਨਹੀਂ। ਹੋਸ਼ ਕਰ।"

**ਪਿੰਡ ਕਣਕਵਾਲ ਚਹਿਲਾਂ**
**ਡਾ. ਆਲਮਪੁਰ ਬੋਦਲਾ, ਤਹਿ. ਬੁਢਲਾਡਾ**
**ਜ਼ਿਲ੍ਹਾ ਮਾਨਸਾ, ਪਿੰਨ** - 151502
**ਫੋਨ ਨੰਬਰ : 94173-61546, 98558-61546**



# ਮਿੱਤਰਾਂ ਦਾ ਪਿੰਡ

*-ਡਾ. ਕਰਮਜੀਤ ਸਿੰਘ ਨਡਾਲਾ*



ਮੀਕਾ ਦਰਜੀ ਦਾਰੂ ਦਾ ਚੰਗਾ ਸ਼ੌਕੀਨ ਹੋ ਗਿਆ। ਹੁਣ ਤਾਂ ਮੈਡੀਕਲ ਸਟੋਰਾਂ ਤੋਂ ਨਸ਼ੇ ਦੇ ਕੈਪਸੂਲ ਜਾਂ ਗੋਲੀਆਂ ਵੀ ਛਕ ਲੈਂਦਾ। ਉਹਨੂੰ ਘਰ ਤੇ ਘਰਵਾਲੀ ਨਾਲੋਂ ਏਹ ਨਸ਼ੇ ਜ਼ਿਆਦਾ ਸਰੂਰ ਦੇਂਦੇ।

ਅੱਕੀ ਤੇ ਥੱਕੀ, ਉਹਦੀ ਘਰਵਾਲੀ ਤੇਜੋ ਨੇ ਸੋਚਿਆ ਹੁਣ ਤੱਕ ਬਥੇਰਾ ਪਾਣੀ ਪੁਲਾਂ ਹੇਠੋਂ ਲੰਘ ਚੁੱਕੈ ਤੇ ਅੱਗੇ ਵੀ ਰੁਕ ਇਵੇਂ ਦਾ ਹੀ ਲੱਗਦੈ।

ਉਹਨੇ ਫੇਰ ਆਪਣੀ ਖੁਰਦੀ ਜਾਂਦੀ ਜਵਾਨੀ ਨੂੰ ਆਪਣੀਆਂ ਬਲੌਰੀ ਅੱਖਾਂ ਦਾ ਡੱਕਾ ਲਾ ਦਿੱਤਾ। ਮੂੰਹ-ਚਿਤ ਲੱਗਦੀ ਦੀ ਕਾਠੀ ਅਜੇ ਕਾਇਮ ਸੀ। ਉਹ ਇਧਰ-ਉਧਰ ਮੂੰਹ ਮਾਰਨ ਲੱਗ ਪਈ। ਪੂਰੇ ਟੌਹਰ 'ਚ ਰਹਿੰਦੀ। ਸੰਗ-ਸ਼ਰਮ ਉਹਨੇ ਤੇੜ ਬੰਨੀ ਧੋਤੀ ਵਾਂਗੂੰ ਪਰ੍ਹੇ ਵਗਾਹ ਮਾਰੀ।

ਇੱਕ ਨਾਲ ਸਾਂਝ ਪਾਈ, ਫੇਰ ਦੂਜੇ ਨਾਲ। ਫੇਰ ਤਾਂ ਚਲ ਸੋ ਚਲ। ਜਿਵੇਂ ਉਸ 'ਚੋਂ ਰੱਜ ਸਬਰ ਹੀ ਮੁੱਕ ਗਿਆ ਤੇ ਉਹ ਸਾਰੇ ਪਿੰਡ ਦੀ ਭਾਬੀ ਬਣ ਗਈ।

ਇਵੇਂ ਚੰਗਾ ਸਮਾਂ ਲੰਘ ਗਿਆ। ਤੇਜੋ ਹੁਣ ਖੜਕ ਗਈ ਸੀ। ਪਰ ਗੱਲਾਂ-ਗੱਲਾਂ 'ਚ ਅਜੇ ਵੀ ਕਈਆਂ ਨੂੰ ਤਰੇਲੀਆਂ ਲਿਆ ਦਿੰਦੀ।

ਕੁੜੀਆਂ ਤਿੰਨੇ ਉਹਨੇ ਵਿਆਹ ਦਿੱਤੀਆਂ ਸਨ। ਇੱਕੋ-ਇਕ ਮੁੰਡਾ ਜੁਆਨ ਹੋ ਗਿਆ। ਪਰ ਉਹ ਵੀ ਬੋਤਲ ਪੀਣ ਦਾ ਚਸਕਾ ਪਾ ਬੈਠਾ।

ਅੱਜ ਉਹ ਸ਼ਾਮ ਨੂੰ ਘਰੇ ਆਇਆ ਤੇ ਇਧਰ-ਉਧਰ ਅਲਮਾਰੀਆਂ ਫੋਲਦਾ ਫਿਰੇ।

"ਬੀਬੀ ਮੈਂ ਇੱਥੇ ਅੱਧੀ ਕੁ ਬੋਤਲ ਰੱਖੀ ਸੀ...।"

"ਉਹ....ਉਹ ਤਾਂ ਮੈਂ ਹੁਣੇ ਹੀ ਪੀ ਲਈ...।" ਲੜਖੜਾਉਂਦੀ ਅਵਾਜ਼ 'ਚ ਬੋਲਦਿਆਂ ਤੇਜੋ ਨੇ ਬੁਬਲੀ ਮਾਰੀ।

"ਹੈਂ! ਬੀਬੀ ਤੂੰ ਪੀ ਲੀ....।"

"ਹਾਂ.... ਸਾਰੀ ਦੀ ਸਾਰੀ ਪੀ ਲੀ.... ਮਜ਼ਾ ਆ ਗਿਆ ਪੁੱਤਰ ..... ਏਸ ਸੋਮਰਸ ਦਾ...।"

"ਓ ਬੀਬੀ.... ਉਹ ਦਾਰੂ ਤਾਂ ਬੜੀ ਤੇਜ ਸੀ....।"

"ਹੱਛਾ... ਮੈਂ ਘੱਟ ਤੇਜ ਆਂ....।"

"ਓਹੋ.... ਜਨਾਨੀਆਂ ਥੋੜਾ ਪੀਂਦੀਆਂ ਚੰਗੀਆਂ ਲੱਗਦੀਆਂ....।"

"ਅੱਛਾ... ਜਿਹੜੀ ਚੀਜ਼ ਤੇਰੇ ਤੇ ਤੇਰੇ ਪਿਓ ਲਈ ਠੀਕ ਏ, ਉਹ ਮੈਨੂੰ ਵੱਡਦੀ ਏ...।"

"ਬੀਬੀ ਤੈਨੂੰ ਕੀ ਦੱਸਾਂ... ਮੈਂ ਤਾਂ ਉਹ ਪਰਸੋਂ ਦੀ ਸੰਭਾਲ ਕੇ ਰੱਖੀ ਸੀ... ਮਿੱਤਰ ਨੂੰ ਪਿਆਉਣ ਨੂੰ ਫਿਰਦਾ ਸੀ.....।"

"ਮਿੱਤਰ ਨੂੰ .... ਕਿਹੜੇ ਮਿੱਤਰ ਨੂੰ....।"

"ਉਹੋ ਮੇਰਾ ਇੱਕੋ-ਇੱਕ ਪਿਆਰਾ ਮਿੱਤਰ..... ਸਰਪੰਚਾਂ ਦਾ ਦੱਲੀ... ਉਹਨੂੰ।"

"ਜਾ ਵੇ.... ਰੋਂਦਾ ਇੱਕੋ-ਇੱਕ ਪਿਆਰੇ ਮਿੱਤਰ ਨੂੰ.... ਹੁਣ ਤਾਂ ਦਾਰੂ ਪੀ ਕੇ ਮੈਨੂੰ ਸਾਰਾ ਪਿੰਡ ਹੀ ਮਿੱਤਰਾਂ ਦਾ ਦਿਸਦੈ.... ਤੂੰ ਇੱਕ ਨੂੰ ਰੋਨੈਂ.....।"

ਤੇ ਨਾਲ ਹੀ ਉਹ ਬੜਕਾਂ ਮਾਰਦੀ ਹੋਈ ਵਿਹੜੇ 'ਚ ਖੌਰੂ ਪਾਉਣ ਲੱਗ ਪਈ।

**ਵਾਲੀਆ ਹਸਪਤਾਲ ਨਡਾਲਾ (ਕਪੂਰਥਲਾ)**

## ਵਰਦਾਨ

***ਕਰਮਵੀਰ ਸਿੰਘ ਸੂਰੀ***

ਉਹਦੋਂ ਬੱਚੇ ਰੋਟੀ ਮੰਗਦੇ ਸਨ ਤਾਂ ਮਜ਼ਦੂਰ ਮਾਪਿਆਂ ਕੋਲੋਂ ਉਨ੍ਹਾਂ ਨੂੰ ਚਪੇੜਾਂ ਖਾਣ ਨੂੰ ਮਿਲਦੀਆਂ ਸਨ। ਤੇ ਹੁਣ ਬੱਚਿਆਂ ਕੋਲ ਡੱਬਲ ਰੋਟੀਆਂ (ਪਹਿਲਾਂ ਉਹਨਾਂ ਸਿੰਗਲ ਵੀ ਨਹੀਂ ਸਨ ਜੁੜਦੀਆਂ), ਮੱਠੀਆਂ, ਪੂੜੀਆਂ, ਮਿਠਾਈਆਂ ਦੇ ਪੈਕਟ ਅਤੇ ਦੁੱਧ ਦੇ ਗਿਲਾਸ ਫੜੇ ਹੋਏ ਹਨ। ਇੰਨਾ ਖਾਣ ਦਾ ਸਾਮਾਨ ਹੈ ਕਿ ਵੀਰਾਨ ਹੋ ਰਿਹਾ ਹੈ ਖਰਾਬ ਹੋ ਰਿਹਾ ਹੈ।

"ਘਰੋਂ ਤਾਂ ਬੇਘਰ ਜ਼ਰੂਰ ਹੋ ਗਏ ਆਂ ਪਰ ਰੋਟੀ ਰੱਜ ਕੇ ਮਿਲ ਰਹੀ ਐ।"

"ਮੈਂ ਤਾਂ ਕਹਿੰਦੀ ਆਂ, ਹੜ ਹਮੇਸ਼ਾਂ ਈ ਆਏ ਰਹਿਣ। ਇੰਜ ਸਾਡੀ ਪੁੱਛ ਪਰਤੀਤ ਤਾਂ ਹੁੰਦੀ ਆ। ਉਂਜ ਕੌਣ ਪੁੱਛਦਾ ਸੀ ਸਾਨੂੰ। ਕੌਣ ਰਹਿਮ ਖਾਂਦਾ ਸੀ ਸਾਡੇ ਤੇ! ਬੜੇ ਸੁਖੀ ਆਂ ਹੁਣ!!

**48, ਰਤਨ ਨਗਰ ਐਕਸਟੈਂਨਸ਼ਨ**
**ਤ੍ਰਿਪੜੀ ਰੋਡ, ਪਟਿਆਲਾ।**
**ਮੋਬਾ : 9855800103**

◆◆◆

## ਧੰਨਵਾਦ

***ਮਨਪ੍ਰੀਤ ਕੌਰ ਭਾਟੀਆ***

ਸੁਮਨ ਸਟੇਸ਼ਨ 'ਤੇ ਬੈਠੀ ਗੱਡੀ ਦਾ ਇੰਤਜ਼ਾਰ ਕਰ ਰਹੀ ਸੀ। ਨਾਲ ਹੀ ਉਸ ਦਾ ਪੰਜ ਵਰ੍ਹਿਆਂ ਦਾ ਬੇਟਾ ਮੁੰਨਾ ਵੀ ਸੀ। ਉਸੇ ਵੇਲੇ ਗੱਡੀ ਪਲੇਟਫਾਰਮ 'ਤੇ ਆ ਗਈ। ਹੋਰਨਾਂ ਸਵਾਰੀਆਂ ਵਾਂਗ ਸੁਮਨ ਨੇ ਵੀ ਆਪਣਾ ਸਾਮਾਨ ਚੁੱਕਿਆ ਤੇ ਧੱਕਮ-ਧੱਕੀ ਹੁੰਦਿਆਂ ਗੱਡੀ 'ਚ ਸਵਾਰ ਹੋ ਗਈ। ਸੀਟ 'ਤੇ ਬੈਠਦਿਆਂ ਹੀ ਉਸ ਨੇ ਸੁੱਖ ਦਾ ਸਾਹ ਭਰਿਆ। ਉਸ ਨੇ ਆਪਣਾ ਸਾਮਾਨ ਟਿਕਾਇਆ ਤੇ ਨਾਲ ਹੀ ਮੁੰਨੇ ਨੂੰ ਬਿਠਾ ਦਿੱਤਾ। ਅੱਤ ਦੀ ਗਰਮੀ ਨੇ ਬੁਰਾ ਹਾਲ ਕੀਤਾ ਹੋਇਆ ਸੀ। ਬੋਤਲ ਵਿੱਚ ਪਾਣੀ ਖਤਮ ਹੋ ਗਿਆ ਸੀ। ਮੁੰਨੇ ਵੱਲੋਂ ਪਾਣੀ ਮੰਗਣ 'ਤੇ ਸੁਮਨ ਨੇ ਸੋਚਿਆ ਕਿ ਵੱਡਾ ਸਟੇਸ਼ਨ ਹੈ, ਇੱਥੇ ਗੱਡੀ ਦਸ ਮਿੰਟ ਰੁਕੇਗੀ ਹੀ ਤੇ ਉਹ ਕੋਲਡ-ਡਰਿੰਕ ਦੀ ਬੋਤਲ ਲੈਣ ਹੇਠਾਂ ਉਤਰ ਗਈ। ਅਜੇ ਉਸ ਨੇ ਬੋਤਲ ਖਰੀਦੀ ਹੀ ਸੀ ਕਿ ਗੱਡੀ ਚੱਲ ਪਈ। ਇਸ ਤੋਂ ਪਹਿਲਾਂ ਕਿ ਉਹ ਕੁਝ ਕਰਦੀ, ਗੱਡੀ ਨੇ ਸਪੀਡ ਫੜ ਲਈ। ਸੁਮਨ ਪੂਰੀ ਤਰ੍ਹਾਂ ਘਬਰਾ ਗਈ।

"ਭੈਣ ਜੀ, ਘਬਰਾਓ ਨਾ, ਗੱਡੀ ਪਲੇਟਫ਼ਾਰਮ ਤੋਂ ਬਾਹਰੋਂ ਤੇਲ ਪੁਆਉਣ ਗਈ ਹੈ, ਹੁਣੇ ਆ ਕੇ ਪਲੇਟਫਾਰਮ 'ਤੇ ਲੱਗ ਜਾਏਗੀ।" ਦੁਕਾਨਦਾਰ ਨੇ ਉਸ ਦੀ ਹਾਲਤ ਦੇਖਦਿਆਂ ਹੀ ਕਿਹਾ।



"ਉਹ ਤਾਂ ਠੀਕ ਹੈ... ਪਰ ਗੱਡੀ 'ਚ ਮੇਰਾ ਛੋਟਾ ਬੱਚਾ ਹੈ, ਉਸ ਨੂੰ ਤਾਂ ਕੁਝ ਨਹੀਂ ਪਤਾ... ਉਹ ਤਾਂ ਬਹੁਤ ਡਰ ਜਾਏਗਾ..." ਤੇ ਸੁਮਨ ਤੇਜ਼ੀ ਨਾਲ ਗੱਡੀ ਪਿੱਛੇ ਭੱਜਣ ਲੱਗੀ। ਪਲੇਟ ਫਾਰਮ ਤੋਂ ਬਾਹਰ ਕੁਝ ਦੂਰੀ 'ਤੇ ਜਾ ਕੇ ਗੱਡੀ ਸੱਚਮੁੱਚ ਰੁਕ ਗਈ। ਸੁਮਨ ਹਫ਼ੀ ਹੋਈ ਗੱਡੀ 'ਤੇ ਚੜ੍ਹੀ ਤੇ ਮੁੰਨੇ ਨੂੰ ਢੂੰਡਣ ਲੱਗੀ। ਮੁੰਨੇ ਕੋਲ ਪਹੁੰਚਦਿਆਂ ਹੀ ਉਸ ਨੇ ਦੇਖਿਆ ਇੱਕ ਔਰਤ ਤੇ ਲੜਕੇ ਨੇ ਉਸ ਨੂੰ ਘੁੱਟ ਕੇ ਫੜਿਆ ਹੋਇਆ ਸੀ ਤੇ ਉਹ ਜ਼ਾਰੋ-ਜ਼ਾਰ ਰੋ ਰਿਹਾ ਸੀ।

ਸੁਮਨ ਨੇ ਬਿਨ੍ਹਾਂ ਦੇਰ ਕੀਤੇ ਮੁੰਨੇ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। "ਮੈਡਮ, ਇਹ ਤੁਹਾਡਾ ਕਾਕਾ ਤਾਂ ਗੱਡੀ ਚੱਲਣ 'ਤੇ ਚੀਕਾਂ ਮਾਰਨ ਲੱਗ ਪਿਆ, ਮੇਰੀ ਮੰਮਾਂ ਥੱਲੇ ਰਹਿ ਗਈ, ਮੇਰੀ ਮੰਮਾਂ ਥੱਲੇ ਰਹਿ ਗਈ। ਇਹ ਤਾਂ ਲੱਗਾ ਸੀ ਨੀਚੇ ਛਾਲ ਮਾਰਨ ਅਸਾਂ ਮੌਕੇ 'ਤੇ ਘੁੱਟ ਕੇ ਫੜ ਲਿਆ। ਜੇ ਨਾ ਫੜਦੇ ਤਾਂ...।" "ਜੇ ਇਹ ਮੌਕੇ 'ਤੇ ਨਾ ਫੜਦੇ ਤਾਂ ਮੁੰਨਾ ਨੀਚੇ ਡਿੱਗ... ਜੇ ਗੱਡੀ ਨੀਚੇ... ਕੋਈ ਦੁਰਘਟਨਾ... ਨਹੀਂ...! ਨਹੀਂ...।" ਸੁਮਨ ਮਨ ਹੀ ਮਨ ਸੋਚਦੀ ਪੂਰੀ ਤਰ੍ਹਾਂ ਘਬਰਾ ਗਈ। ਉਸ ਦੀਆਂ ਅੱਖਾਂ ਹੰਝੂਆਂ ਨਾਲ ਭਿੱਜ ਚੁੱਕੀਆਂ ਸਨ। ਉਸ ਨੇ ਦੋਵੇਂ ਹੱਥ ਜੋੜਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਬੋਲੀ, "ਅੱਜ ਤਾਂ ਤੁਸੀਂ ਰੱਬ ਦਾ ਰੂਪ ਬਣ ਕੇ ਬਹੁੜੇ... ਨਹੀਂ ਤਾਂ...।" "ਨਹੀਂ... ਨਹੀਂ ਭੈਣ... ਬੱਚੇ ਤਾਂ ਸਭ ਦੇ ਸਾਂਝੇ ਹੁੰਦੇ ਐ... ਧੰਨਵਾਦ ਸਾਡਾ ਨਹੀਂ ਰੱਬ ਦਾ ਕਰੋ।" ਔਰਤ ਵੱਲੋਂ ਕਹਿੰਦਿਆਂ ਈ ਹੁਣ ਸੁਮਨ ਦੇ ਦੋਵੇਂ ਹੱਥ ਰੱਬ ਦੇ ਧੰਨਵਾਦ 'ਚ ਜੁੜ ਚੁੱਕੇ ਸੀ।

**42, ਗਲੀ ਨੰ. 2, ਕੁੰਦਨ ਨਗਰ ਐਕਸ-2**
**ਫਿਰੋਜ਼ਪੁਰ ਸ਼ਹਿਰ - 152002**

◆◆◆

## ਸੁੱਖਣਾ

***ਰਘਬੀਰ ਸਿੰਘ ਮਹਿਮੀ***

ਮੇਰੇ ਭਰਾ ਦੀ ਸ਼ਾਦੀ ਹੋਈ ਨੂੰ ਦਸ ਵਰ੍ਹੇ ਤੋਂ ਉੱਪਰ ਹੋ ਗਏ ਸਨ, ਪਰ ਕੋਈ ਬਾਲ-ਬੱਚਾ ਨਹੀਂ ਸੀ ਹੋਇਆ, ਭਾਵੇਂ ਬਥੇਰੀਆਂ ਸੁੱਖਾਂ-ਸੁੱਖੀਆਂ ਤੇ ਡਾਕਟਰਾਂ ਦੇ ਘਰ ਭਰੇ। ਮੇਰਾ ਵਿਆਹ ਹੋਇਆਂ ਨੂੰ ਇਕ ਸਾਲ ਵੀ ਪੂਰਾ ਨਹੀਂ ਸੀ ਹੋਇਆ ਕਿ ਮੇਰੇ ਘਰ ਦੋ ਜੌੜੇ ਬੱਚਿਆਂ ਨੇ ਜਨਮ ਲੈ ਲਿਆ, ਉਹ ਵੀ ਮੁੰਡੇ। ਬਾਕੀ ਸਾਰੇ ਰਿਸ਼ਤੇਦਾਰਾਂ ਨੇ ਸਾਡੇ ਨਾਲ ਖੁਸ਼ੀ ਸਾਂਝੀ ਕੀਤੀ, ਪਰ ਮੇਰੇ ਵੀਰ-ਭਾਬੀ 'ਚੋਂ ਕੋਈ ਨਹੀਂ ਸੀ ਆਇਆ।

ਕਹਿੰਦੇ ਨੇ ਕਿ ਰੱਬ ਦੇ ਘਰ ਦੇਰ ਹੈ ਹਨੇਰ ਨਹੀਂ, ਸਾਡੇ ਘਰ ਬੱਚੇ ਹੋਣ ਤੋਂ ਇਕ ਸਾਲ ਦੇ ਅੰਦਰ-ਅੰਦਰ ਭਾਬੀ ਦੇ ਕੁੱਖੋਂ ਵੀ ਇਕ ਬੇਟੇ ਦਾ ਜਨਮ ਹੋ ਗਿਆ। ਭਾਬੀ ਸਵਾ ਮਹੀਨਾ ਪੂਰਾ ਹੋਣ ਤੋਂ ਪਹਿਲਾਂ ਹੀ ਮੇਰੇ ਦੋਵੇਂ ਬੇਟਿਆਂ ਲਈ ਚਾਂਦੀ ਦੇ ਕੰਗਣ ਦੀਆਂ ਜੋੜੀਆਂ ਤੇ ਮਹਿੰਗੇ-ਮਹਿੰਗੇ ਕੱਪੜਿਆਂ ਦੇ ਸੈੱਟ ਲੈ ਕੇ ਸਾਡੇ ਘਰ ਆਈ।

**220, ਗਰੀਨ ਪਾਰਕ ਕਲੋਨੀ**
**ਸਰਹਿੰਦ ਰੋਡ, ਪਟਿਆਲਾ-147004**
**ਮੋਬ. 96460-24321**

◆◆◆

# ਰਿਸ਼ਵਤਖੋਰੀ

***ਰਜਿੰਦਰ ਨਾਗੀ***

ਸੁਰਜਨ ਸਿੰਘ ਆਮ ਜੱਟ ਕਿਸਾਨ ਸੀ।ਉਹਦਾ ਮੁੰਡਾ ਮਾਸਟਰ ਲੱਗਿਆ ਹੋਇਆ ਸੀ । ਉਹਦੇ ਰਿਸ਼ਤੇਦਾਰਾਂ ਦੇ ਮੁੰਡੇ ਕੁੜੀਆ ਵੀ ਸਾਰੇ ਸਰਕਾਰੀ ਨੌਕਰੀਆਂ ਤੇ ਲੱਗੇ ਹੋਏ ਸੀ । ਸੁਰਜਨ ਦੇ ਘਰ ਵਿਆਹ ਮੌਕੇ ਸਾਰੇ ਰਿਸ਼ਤੇਦਾਰ ਇਕੱਠੇ ਹੋਏ।ਆਥਣੇ ਸ਼ਰਾਬ ਦਾ ਦੌਰ ਚੱਲਿਆ।ਸ਼ਰਾਬ ਪੀਕੇ ਸਾਰੇ ਜਾਣੇ ਕਮਲੀਆਂ ਗੱਲਾਂ ਮਾਰਨ ਲੱਗੇ।ਵਿਚ ਦੀ ਕਦੇ ਕਦੇ ਕੋਈ ਕੰਮ ਦੀ ਗੱਲ ਵੀ ਕਰਦੇ।

ਸੁਰਜਨ ਦਾ ਸਾਲਾ ਬੋਲਿਆ,"ਆਪਣਾ ਮੁੰਡਾ ਤਾ ਮੁਨਸ਼ੀ ਆ ਥਾਣੇ ਚ', ਬਥੇਰੀ ਕਮਾਈ ਆ। ਤੀਹ ਹਜ਼ਾਰ ਤਨਖਾਹ ਬਾਕੀ ਕੋਈ ਪਤਾ ਨਹੀ ਉਤੋਂ ਕਦੇ ਮਹੀਨੇ ਦਾ ਵੀਹ ਹਜ਼ਾਰ ਬਣ ਜਾਂਦੈ, ਕਦੇ ਵੱਧ ਘੱਟ ਵੀ।"

ਸੁਰਜਨ ਦਾ ਸਾਂਢੂ ਬੋਲਿਆ," ਉਹ ਆਪਣਾ ਮੁੰਡਾ ਜਿਹੜਾ ਗੋਦਾਮਾਂ ਚ' ਭਰਤੀ ਹੋਇਆ ਸੀ। ਤਨਖ਼ਾਹ ਵੀ ਬਥੇਰੀ ਆ। ਬਾਕੀ ਕਣਕ ਝੋਨੇ ਦੇ ਸੀਜਨ ਲੱਖਾਂ ਈ ਬਣ ਜਾਦੇ ਆ।ਬਥੇਰੀ ਕਮਾਈ ਆ ਭਾਈ ਸੁੱਖ ਨਾਲ।"

ਸੁਰਜਨ ਦੀ ਭੂਆ ਦਾ ਮੁੰਡਾ ਬੋਲਿਆ," ਉਹ ਮੇਰਾ ਭਰਾ ਜੀਤਾ ਬਿਜਲੀ ਬੋਰਡ 'ਚ ਭਰਤੀ ਹੋ ਗਿਆ ਸੀ।ਢੇਰ ਲਾਈ ਤੁਰਿਆ ਆਉਂਦੈ ਨੋਟਾਂ ਦੇ, ਕਿਆ ਬਾਤਾਂ ਜੀ।"

ਸੁਰਜਨ ਬੋਲਿਆ," ਭਾਈ ਸਾਡੇ ਮਾਸਟਰ ਨੂੰ ਤਾਂ ਕਈ ਕਈ ਮਹੀਨੇ ਤਨਖ਼ਾਹ ਵੀ ਨਹੀ ਮਿਲਦੀ।ਧਰਨੇ ਦੇਣੇ ਪੈਂਦੇ ਆ ਚੌਕਾਂ ਚ"। ਸੁਰਜਨ ਨੂੰ ਗੱਲਾਂ ਸੁਣਕੇ ਲੱਗਾ ਜਿਵੇ ਰਿਸ਼ਵਤਖ਼ੋਰੀ ਸਾਡੇ ਹੱਡਾ 'ਚ ਰਚ ਗਈ ਹੋਵੇ।'ਵੇਖ ਲਾ ਤੂੰ ਕਿਵੇ ਲੋਕ ਚੌੜੇ ਹੋਕੇ ਦੱਸਦੇ ਆ ਕਿੱਸੇ ।ਸਾਡਾ ਦੇਸ਼ ਕਿਵੇਂ ਤਰੱਕੀ ਕਰਜੂ ਜਦੋਂ ਹਰ ਬੰਦਾ ਬੇਈਮਾਨ ਆ, ਰੱਬ ਈ ਰਾਖ਼ਾ ਦੇਸ਼ ਦਾ...............।

**ਪਿੰਡ ਤੇ ਡਾਕਖਾਨਾ ਢੁੱਡੀ**
**ਫਰੀਦਕੋਟ**
**9815106093**

◆◆◆



# ਨਿਬੰਧ

## ਜੁਆਨੀ ਦਾ ਰੁਖ ਕਿਧਰ ਨੂੰ?

**ਅਤਰਜੀਤ**

'ਰਾਜ ਨਹੀਂ ਸੇਵਾ' ਦਾ 'ਨਿਹੰਗ ਬੋਲਾ' ਤੇ ਚੋਣਾਂ ਦਾ ਨਾਟਕ ਖ਼ਤਮ ਹੁੰਦਿਆਂ ਹੀ 'ਸੇਵਾ ਨਹੀਂ ਡੰਡਾ' ਵਿੱਚ ਬਦਲ ਗਿਆ ਹੈ। ਬਹੁਤ ਹੀ ਥੋੜੇ ਸਮੇਂ ਵਿੱਚ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ ਕਿ ਜੁਆਨੀ ਨੂੰ ਬੇ-ਰੁਜ਼ਗਾਰੀ ਰੱਖ ਕੇ ਕਿਸ ਕਿਸਮ ਦੇ ਭਵਿੱਖ ਦੀ ਰਚਨਾ ਕੀਤੀ ਜਾ ਰਹੀ ਹੈ? ਜੁਆਨੀ ਦਾ ਭਵਿੱਖ ਸ਼ਾਹ ਕਾਲਾ ਕੀਤਾ ਜਾ ਚੁੱਕਾ ਹੈ। ਅਮਰੀਕਨ ਬੁੱਧੀਜੀਵੀ ਫੂਕੋ ਜਾਮਾ ਨੇ ਤਾਂ ਐਲਾਨ ਕੀਤਾ ਹੋਇਆ ਹੈ ਕਿ ਇਤਿਹਾਸ, ਗਿਆਨ ਅਤੇ ਵਿਚਾਰ ਅੱਜ ਦੇ ਗਲੋਬਲੀ ਸੰਸਾਰ ਵਿੱਚ ਮਰ ਚੁੱਕੇ ਹਨ। ਹੁਣ ਇਨ੍ਹਾਂ ਤੋਂ ਕੋਈ ਸੇਧ ਜਾਂ ਪ੍ਰੇਰਨਾ ਨਹੀਂ ਲਈ ਜਾ ਸਕਦੀ। ਸਿਰਫ ਤੇ ਸਿਰਫ ਬਾਜ਼ਾਰ ਹੀ ਇੱਕੋ ਇਕ ਜਿਉਂਦੀ ਸ਼ਕਤੀ ਰਹਿ ਗਈ ਹੈ। ਸੋ ਖਾਉ-ਪੀਉ ਐਸ਼ ਕਰੋ ਦੇ ਦੌਰ ਵਿੱਚ ਧੱਕਿਆ ਜਾ ਰਿਹਾ ਹੈ, ਜੁਆਨੀ ਦੇ ਸੰਸਾਰ ਨੂੰ। ਜੁਆਨੀ ਕੋਲ ਸੂਚਨਾ ਢੇਰਾਂ ਦੇ ਢੇਰ ਹੈ, ਪਰ ਗਿਆਨ ਤੋਂ ਕੋਰੀ ਜੁਆਨੀ ਸੂਚਨਾ ਦੇ ਚਿੱਕੜ ਵਿੱਚ ਧਸੀ ਨਸ਼ਿਆਂ ਅਤੇ ਗੁੰਡਾ ਗਰਦੀ ਦੀ ਮਾਰ ਝੱਲ ਰਹੀ ਹੈ। ਧੜਵੈਲ ਮੀਡੀਆ ਰਾਹੀਂ ਪ੍ਰਚਾਰਿਆ ਜਾ ਰਿਹਾ ਸਮੁੱਚਾ ਗੀਤ ਸੰਗੀਤ, ਫਿਲਮੀ ਸਨਅਤ ਰਾਹੀਂ ਵਿਖਾਈਆਂ ਜਾ ਰਹੀਆਂ ਮਾਰ-ਧਾੜ ਦੀਆਂ ਸਟੰਟ ਫਿਲਮਾਂ, ਮੁਬਾਈਲ, ਨੈਟ ਆਦਿ ਰਾਹੀਂ ਜੋ ਕੁਝ ਜੁਆਨੀ ਦੇ ਅੱਗੇ ਪ੍ਰੋਸਿਆ ਜਾ ਰਿਹਾ ਹੈ, ਉਸ ਨੇ ਜੁਆਨੀ ਦਾ ਮਨੋਵਿਗਿਆਨ ਹੀ ਤਬਦੀਲ ਕਰਕੇ ਰੱਖ ਦਿੱਤਾ ਹੈ।

ਇਸ ਰੁਝਾਨ ਨੂੰ ਪੱਠੇ ਪਾ ਰਹੀਆਂ ਹਨ, ਹਾਕਮ ਜਮਾਤਾਂ। ਹੁਕਮਰਾਨ ਜਮਾਤਾਂ ਨੇ ਸਮਝ ਲਿਆ ਹੈ ਕਿ ਰਾਜ ਕਰਨਾ ਉਹ ਧੁਰੋਂ ਲਿਖਾ ਕੇ ਲਿਆਏ ਹਨ ਤੇ ਹੁਣ ਉਨ੍ਹਾਂ ਦਾ ਕੇਵਲ ਇਕ ਹੀ ਕੰਮ ਹੈ ਆਪਣੀ ਗੱਦੀ ਨੂੰ ਕਾਇਮ ਰੱਖਣਾ। ਗੱਦੀ ਨੂੰ ਕਾਇਮ ਰੱਖਣ ਲਈ ਹੁਣ ਉਹ ਗੁੰਡਾ ਟੋਲੇ ਪੈਦਾ ਕਰਕੇ ਕਾਬਜ਼ ਰਹਿ ਸਕਦੇ ਹਨ। ਰਾਜਨੀਤਕਾਂ ਦੇ ਇਹ ਲੱਠਮਾਰ ਗੁੰਡਾ ਟੋਲਿਆਂ ਨੂੰ ਖੁੱਲ੍ਹ ਹੈ ਕਿਸੇ ਦੀ ਵੀ ਧੀ ਭੈਣ ਨੂੰ ਅਗਵਾ ਕਰ ਲੈਣ, ਬਲਾਤਕਾਰ ਕਰਨ ਤੇ ਬੇਸ਼ੱਕ ਕਤਲ ਕਰ ਦੇਣ, ਕੋਈ ਪ੍ਰਵਾਹ ਨਹੀਂ। ਅਣਖ ਦੀ ਖਾਤਰ ਹੱਕੀ ਸੰਘਰਸ਼ ਕਰਨ ਵਾਲੇ ਸਾਧੂ ਸਿੰਘ ਤਖਤੂਪੁਰਾ ਜਿਹੇ ਹੀਰਿਆਂ ਨੂੰ ਜਦ ਮਰਜ਼ੀ ਲੋਪੋਕੇ ਦੇ ਪਾਲੇ ਗੁੰਡੇ ਮਿੱਟੀ ਵਿੱਚ ਮਿਲਾ ਦੇਣ। ਉਨ੍ਹਾਂ ਉੱਪਰ ਰਾਜਨੀਤੀ ਦੀ ਛਤਰੀ ਤਣੀ ਰਹੇਗੀ। ਦੂਜੀ ਗੱਲ ਜੁਆਨੀ ਨੂੰ ਨਸ਼ਿਆਂ ਵਿੱਚ ਧਕੇਲ ਕੇ ਅੰਨ੍ਹੀ ਕਰੀ ਰੱਖੋ, ਕੁਰਸੀ ਨੂੰ ਹਿਲਾਉਣ ਵਾਲਾ ਦੁਨੀਆਂ 'ਤੇ ਕੋਈ ਨਹੀਂ ਜੰਮਿਆ। ਕੁਰਸੀ ਨੂੰ ਕੋਈ ਆਂਚ ਨਹੀਂ ਆਵੇਗੀ। ਖਾਸ ਤੌਰ ਤੇ ਪੰਜਾਬ ਵਿੱਚ ਜਿਸ ਤਰ੍ਹਾਂ ਬੁੜ੍ਹੇ ਅਮਲੀਆਂ ਦੀ ਫੌਜ ਤਿਆਰ ਕੀਤੀ ਜਾ ਚੁੱਕੀ ਹੈ, ਇਸ ਦਾ ਹੁਣ ਕੋਈ ਪਾਰਾਵਾਰ ਨਹੀਂ। ਪਹਿਲਾਂ ਕੋਈ ਟਾਵਾਂ ਟੱਲਾ ਅਮਲੀ ਹੁੰਦਾ ਸੀ ਪਿੰਡ ਵਿੱਚ, ਪਰ ਹੁਣ ਤਾਂ ਲਾਰੇ ਲੱਗ ਗਏ ਹਨ ਅਮਲੀਆਂ ਦੇ। ਸ਼ਰਾਬ, ਅਫੀਮ, ਭੁੱਕੀ ਦਾ ਮੁਕਾਮ ਹੁਣ ਬੁਹਤ ਪਿੱਛੇ ਰਹਿ ਗਿਆ ਹੈ। ਹੁਣ ਜੁਆਨੀ ਵਾਸਤੇ ਸਮੈਕ, ਹੈਰੋਇਨ ਆਦਿ ਨਸ਼ਿਆਂ ਦੇ ਦੁਆਰਾ ਖੋਲ੍ਹ ਦਿੱਤੇ ਹਨ, ਆਉ ਅੰਦਰ ਵੜੋ ਅਤੇ ਮੌਤ ਦੇ ਪਰਵਾਨੇ ਉੱਪਰ ਦਸਤਖਤ

ਕਰਕੇ ਚਲਦੇ ਬਣੋ।

ਦੂਜਾ ਰਾਹ ਹਾਕਮ ਜਮਾਤਾਂ ਜੁਆਨੀ ਨੂੰ ਦਿਖਾ ਰਹੀਆਂ ਹਨ– ਗੁੰਡਾ ਗਰਦੀ ਦਾ। ਗੁੰਡਾਗਰਦੀ ਨੂੰ ਠੱਲ੍ਹ ਪਾਉਣ ਲਈ ਅੱਗੇ ਆਉਣ ਵਾਲੀਆਂ ਧਿਰਾਂ ਨੂੰ ਕਿਸ ਤਰ੍ਹਾਂ ਝੂਠੇ ਕੇਸਾਂ ਵਿੱਚ ਉਲਝਾ ਕੇ ਹਾਕਮ ਧਿਰਾਂ ਗੁੰਡਾ ਗਿਰੋਹਾਂ ਦੀ ਪੁਸ਼ਤ ਪਨਾਹੀ ਕਰਦੀਆਂ ਹਨ, ਇਸ ਲਈ ਕੁਝ ਕੁ ਉਦਾਹਰਨਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਮਹਿਲ ਕਲਾਂ ਦਾ ਕਿਰਨਜੀਤ ਕਾਂਡ ਜਦ ਵਾਪਰਿਆ ਸੀ ਤਾਂ ਇਹ ਗੱਲ ਜੱਗ ਜਾਹਰ ਹੋ ਗਈ ਸੀ ਕਿ ਉਹ ਪਰਿਵਾਰ ਹਾਕਮਾਂ ਦਾ ਸਮਰਥਕ ਪਰਿਵਾਰ ਸੀ, ਜਿਸ ਪਰਿਵਾਰ ਦੇ ਸਾਹਿਬਜ਼ਾਦਿਆਂ ਨੇ ਉਸ ਬੇਹੱਦ ਸਾਊ ਬੱਚੀ ਦੀ ਕਈ ਦਿਨ ਤੱਕ ਅਸਮਤ ਰੋਲੀ ਸੀ ਤੇ ਫਿਰ ਨਿਰਬਸਤਰ ਕਰਕੇ ਟੋਏ ਵਿੱਚ ਦੱਬਾ ਦਿੱਤੀ ਸੀ। ਉਸ ਬੱਚੀ ਨੂੰ ਉਸ ਦੇ ਹਮਦਰਦਾਂ ਨੇ ਸ਼ਹੀਦ ਦਾ ਰੁਤਬਾ ਦੇ ਗੁੰਡਿਆਂ ਦੇ ਚਿਹਰੇ ਬੇਪਰਦ ਕੀਤੇ ਤਾਂ ਐਕਸ਼ਨ ਕਮੇਟੀ ਦੇ ਲੋਕ ਪੱਖੀ ਕਾਰਜਾਂ ਵਿੱਚ ਜੁਟੇ ਆਗੂਆਂ ਨਰਾਇਣਦੱਤ, ਮਾਸਟਰ ਪ੍ਰੇਮ  ਕੁਮਾਰ ਅਤੇ ਕਿਸਾਨ ਆਗੂ ਮਨਜੀਤ ਧਨੇਰ ਨੂੰ ਇਕ ਫਰਜੀ ਝੂਠਾ ਕਤਲ ਕੇਸ ਪਾ ਕੇ ਉਮਰ ਕੈਦ ਕਰਵਾ ਦਿੱਤੀ ਸੀ।

ਇਸ ਤਰ੍ਹਾਂ ਦਾ ਫਰੀਦਕੋਟ ਦਾ ਸ਼ਰੁਤੀ ਕਾਂਡ ਵਾਪਰਿਆ। ਇਹ ਗੱਲ ਵੀ ਜੱਗ ਜਾਹਰ ਹੈ ਕਿ ਦੇਸ਼ ਦਾ 'ਭਵਿੱਖ' ਉਹ ਬਦਮਾਸ਼ ਮੁੰਡਾ ਨਿਸ਼ਾਨ! ਪ੍ਰਤੱਖ ਹੈ ਕਿ ਜੇ ਲੋਕ ਮੋਰਚਾ ਪੰਜਾਬ, ਬੀ.ਕੇ.ਯੂ. ਉਗਰਾਹਾਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਆਦਿ ਜਥੇਬੰਦੀਆਂ ਅੱਗੇ ਨਾ ਆਉਂਦੀਆਂ ਤਾਂ ਗਰਭ ਅਵਸਥਾ ਦੀ ਹਾਲਤ ਵਿੱਚ ਸ਼ਰੁਤੀ ਨੂੰ ਮੁਕਤ ਨਹੀਂ ਸੀ ਕਰਵਾਇਆ ਜਾ ਸਕਣਾ। ਪੁਲਿਸ ਚੁੰਗਲ 'ਚੋਂ ਰਿਹਾ ਹੋ ਕੇ ਜਦ ਸ਼ਰੁਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਵ ਸਬੰਧੀ ਕੱਢੇ ਗਏ ਨਗਰ ਕੀਰਤਨ ਦੌਰਾਨ ਫਰੀਦਕੋਟ ਜੇਤੂ ਰੈਲੀ ਵਿੱਚ ਹਾਜ਼ਰ ਹੋਈ ਤਾਂ ਉਸ ਦੇ ਬਿਆਨ ਮੀਡੀਆ ਨੇ ਬਹੁਤ ਸੁਹਣੀ ਤਰ੍ਹਾਂ ਲੋਕਾਂ ਦੇ ਸਾਹਮਣੇ ਲਿਆਂਦੇ ਸਨ।

ਦਿੱਲੀ ਵਿੱਚ ਵਾਪਰੇ ਨਿਭੈਆ ਕਾਂਡ ਦਾ ਖੂਨ ਅਜੇ ਸੁੱਕਾ ਵੀ ਨਹੀਂ ਕਿ ਹੁਣ ਨਿਤ ਨਵੇਂ ਕਾਂਡ ਵਾਪਰਦੇ ਵੇਖ ਰਹੇ ਹਾਂ। ਜੇ ਸਮੁੱਚੇ ਭਾਰਤ ਦੀ ਗੱਲ ਕਰਨੀ ਹੋਵੇ ਤਾਂ ਕਹਿਣ ਨੂੰ ਰਿਸ਼ੀਆਂ–ਮੁਨੀਆਂ, ਪੀਰਾਂ–ਫ਼ਕੀਰਾਂ, ਗੁਰੂਆਂ–ਅਵਤਾਰਾਂ ਦੀ ਇਸ ਧਰਤੀ ਨੂੰ ਬੁਰੀ ਤਰ੍ਹਾਂ ਲਕਵਾ ਮਾਰ ਚੁੱਕਾ ਹੈ। ਹਰ ਪਾਸੇ ਬਲਾਤਕਾਰ, ਸਮੂਹ ਬਲਾਤਕਾਰਾਂ–ਉਹ ਗਰੀਬ ਪਰਿਵਾਰਾਂ ਦੀਆਂ ਬੱਚੀਆਂ ਦਾ ਭਿਆਨਕ ਵਰਤਾਰਾ ਸਾਡਾ ਜੀਣਾ ਹੀ ਦੁੱਭਰ ਕਰਦਾ ਜਾ ਰਿਹਾ ਹੈ। ਇਸ ਭਿਆਨਕਤਾ ਵਿੱਚ ਹੁਣ ਹੋਰ ਵਾਧਾ ਹੋਣ ਲੱਗਾ ਹੈ ਕਿ ਸਮੂਹਕ ਬਲਾਤਕਾਰ ਕਰਨ ਤੋਂ ਬਾਅਦ ਕੁੜੀਆਂ ਨੂੰ ਕਤਲ ਕਰ ਦਿਉ, ਗਲ ਵਿੱਚ ਰੱਸਾ ਪਾ ਕੇ ਦਰੱਖਤਾਂ ਨਾਲ ਟੰਗ ਦਿਉ। ਜਿੰਨਾ ਅਫਸੋਸ ਕੀਤਾ ਜਾ ਸਕੇ, ਉਨਾਂ ਹੀ ਥੋੜ੍ਹਾ। ਪਿਛਲੇ ਸਾਰੇ ਸਮੇਂ ਵਿੱਚ ਖਾਪ ਪੰਚਾਇਤਾਂ ਦੁਆਰਾ ਲਿਖੇ ਗਏ ਕਾਲੇ ਹਰਫ ਵੀ ਪੜ੍ਹ ਚੁੱਕੇ ਹਾਂ। ਕੀ ਇਸ ਸਭ ਕਾਸੇ ਦਾ ਨਿਰਾ–ਪੁਰਾ ਕੁਰਾਹੇ ਪੈ ਰਹੀ ਜੁਆਨੀ ਨੂੰ ਦੋਸ਼ੀ ਠਹਿਰਾ ਕੇ ਆਪਣੀ ਨਾ ਅਹਿਲੀਅਤ ਤੋਂ ਪੱਲਾ ਝਾੜਨ ਵਾਲੀ ਗੱਲ ਠੀਕ ਹੈ? ਇਸ ਗਲੇ–ਸੜੇ ਸਾਮੰਤੀ ਪ੍ਰਬੰਧ ਵਿੱਚ ਪਲ ਰਿਹਾ ਕੁਹਜ, ਪੂੰਜੀਦਾਰਾ ਸਮਾਜ ਵਿੱਚ ਔਰਤ ਪ੍ਰਤੀ ਬਣਾਇਆ ਜਾ ਰਿਹਾ ਨਜ਼ਰੀਆ ਬਦਲਣ ਦੀ ਜ਼ਰੂਰਤ ਹੈ। ਰੋਮ ਸੜ ਰਿਹਾ ਹੋਵੇ ਤੇ ਨੀਰੋ ਬੰਸਰੀ ਵਜਾਈ ਜਾਵੇ, ਦਾ ਇਹ ਵਰਤਾਰਾ ਸਮਝ ਕੇ ਇਸ ਦੇ ਵਿਰੁੱਧ ਕੋਈ ਆਵਾਜ਼ ਬੁਲੰਦ ਕਰਨੀ ਬਣਦੀ ਹੈ ਤੇ ਆਵਾਜ਼ ਬੁਲੰਦ ਕਰਨ ਵਾਲਿਆਂ ਨਾਲ ਮੋਢਾ ਜੋੜਨ ਦੀ ਜ਼ਰੂਰਤ ਹੈ।

◆◆◆



*ਇਤਿਹਾਸਕ ਤੱਥ*

# ਲੁਬਾਣਾ ਬਰਾਦਰੀ ਤੇ ਇੱਕ ਝਾਤ

**ਪ੍ਰੋ. ਜਸਵੰਤ ਸਿੰਘ** (ਡਾ.)

ਲੁਬਾਣਾ ਬਰਾਦਰੀ ਪ੍ਰਸਿੱਧ ਵਣਜਾਰਾ ਕਬੀਲੇ ਦੀਆਂ ਪੰਜ ਸ਼ਾਖਾਵਾਂ ਤੁਰਕੀਆਂ ਵਣਜਾਰਾ, ਬੈਕ ਬਣਜਾਰਾ, ਮੁਕੇਰੀ ਬਨਜਾਰਾ ਤੇ ਬਹਿਰੂਪ ਬਨਜਾਰਾ ਵਿਚੋਂ ਇਕ ਮਹੱਤਵਪੂਰਨ ਸ਼ਾਖਾ ਹੈ। ਇਸ ਬਰਾਦਰੀ ਨੇ ਪਜੰਾਬ ਦੇ ਇਤਿਹਾਸ ਅਤੇ ਖਾਸ ਕਰਕੇ ਸਿੱਖ ਇਤਿਹਾਸ ਵਿੱਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸ਼ਾਹਮੁੱਖ, ਨੌਧੇ ਸਾਹ, ਸ਼ੌਧੇ ਸ਼ਾਹ, ਬਾਬਾ ਹਸਨਾ ਅਤੇ ਬਾਬਾ ਦਲੀਪ ਸਿੰਘ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਕਰਨ ਕਰਕੇ, ਬਾਬਾ ਮੱਖਣ ਸ਼ਾਹ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਨ ਕਰਕੇ, ਬਾਬਾ ਲੱਖੀ ਸ਼ਾਹ ਰਾਹੀਂ ਆਪਣੇ ਘਰ ਨੂੰ ਅੱਗ ਲਗਾ ਕੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸਸਕਾਰ ਕਰਨ ਅਤੇ ਭਾਈ ਜਵੰਦ ਸਿੰਘ ਦੁਆਰਾ ਚਮਕੌਰ ਦੀ ਗੜ੍ਹ ਵਿਚ ਸ਼ਹੀਦੀ ਪ੍ਰਾਪਤ ਕਰਨ ਕਰਕੇ ਇਨ੍ਹਾਂ ਨੂੰ ਸਿੱਖ ਇਤਿਹਾਸ ਵਿੱਚ ਬਹੁਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਨ੍ਹਾਂ ਨੇ ਬੰਦਾ ਬਹਾਦਰ ਨੂੰ ਸੈਨਿਕ ਅਤੇ ਆਰਥਿਕ ਤੌਰ ਤੇ ਪੂਰਾ ਸਹਿਯੋਗ ਦਿੱਤਾ। ਸਿੱਖ ਮਿਸਲਦਾਰਾਂ ਪ੍ਰਤੀ ਮਹੱਤਵਪੂਰਨ ਭੂਮਿਕਾ ਨਿਭਾਉਣ ਉਪਰੰਤ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿੱਚ ਭਰਤੀ ਹੋ ਕੇ ਆਪਣੇ ਆਪ ਨੂੰ ਚੰਗੇ ਸੈਨਿਕ ਸਿੱਧ ਕੀਤਾ।

ਪੂਰੇ ਭਾਰਤ ਵਿੱਚ ਅਤੇ ਭਾਰਤ ਤੋਂ ਬਾਹਰ ਸਮਾਨ ਦੀ ਢੋਆ–ਢੁਆਈ  ਕਰਨ ਕਰਕੇ ਇਨ੍ਹਾਂ ਨੇ ਦੇਸ਼ ਦੀ ਅਰਥ ਵਿਵਸਥਾ ਨੂੰ ਵਿਕਸਿਤ  ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਪ੍ਰਾਚੀਨ ਸਮੇਂ ਤੋਂ ਇਹਨਾਂ ਦਾ ਮੁੱਖ ਕੰਮ ਸਮਾਨ ਦੀ ਢੋਆ–ਢੁਆਈ ਰਿਹਾ। ਉਹ ਸਮਾਨ ਲੈ ਕੇ ਕਾਫਲਿਆਂ ਦੀ ਸ਼ਕਲ ਵਿੱਚ ਚਲਦੇ ਸਨ। ਪਰ ਮੁਗਲ ਰਾਜ ਦੇ ਪਤਨ ਕਰਕੇ ਭਾਰਤ ਵਿੱਚ ਅਸ਼ਾਂਤੀ ਅਤੇ ਬਦਅਮਨੀ ਫੈਲ ਗਈ। ਇਸ ਤਰ੍ਹਾਂ ਦੇ ਹਾਲਾਤਾਂ ਵਿੱਚ ਇਨ੍ਹਾਂ ਰਾਹੀਂ ਆਪਣੇ ਪਿਤਾ ਪੁਰਖੀ ਕੰਮ ਨੂੰ ਚਲਾਉਣਾ ਮੁਸ਼ਕਲ ਹੋ ਗਿਆ। ਇਨ੍ਹਾਂ ਨੇ ਆਪਣੇ ਪਸ਼ੂ ਲੈ ਕੇ ਦਰਿਆਵਾਂ, ਨਦੀਆਂ, ਨਾਲਿਆਂ ਤੇ ਡੇਕਾਂ ਦੇ ਕਿਨਾਰਿਆਂ ਤੇ ਬੈਠਣਾ ਅਤੇ ਖੇਤੀਬਾੜੀ ਦੇ ਧੰਦੇ ਨੂੰ ਅਪਣਾਉਣਾ ਸ਼ੁਰੂ ਕੀਤਾ। ਸਿੱਖ ਮਿਸਲਾਂ ਦੀ ਸਥਾਪਨਾ ਤੋਂ ਥੋੜ੍ਹਾ ਸਮਾਂ ਪਹਿਲਾਂ ਉਹ ਖੇਤੀਬਾੜੀ ਦੇ ਕੰਮਾਂ ਵਿੱਚ ਆਉਣ ਲੱਗੇ। ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਨੂੰ ਸ਼ਾਹਦਰਾ ਅਤੇ ਗੁਜ਼ਰਾਂਵਾਲਾ ਦੇ ਇਲਾਕਿਆਂ ਅਤੇ ਮੁਲਤਾਨ ਜ਼ਿਲ੍ਹੇ ਵਿੱਚ ਵਾਹੁਣ ਲਈ ਬੇਅਬਾਦ ਜ਼ਮੀਨਾਂ ਦਿੱਤੀਆਂ, ਜਿਨ੍ਹਾਂ ਦੇ ਉਹ ਬਾਅਦ ਵਿੱਚ ਮਾਲਕ ਬਣੇ। ਮਿਹਨਤੀ ਕਿਸਾਨ ਹੋਣ ਕਰਕੇ ਉਹਨਾਂ ਨੇ ਆਪਣੇ ਖੇਤੀਬਾੜੀ ਵਾਲੇ ਰਕਬੇ ਵਿੱਚ ਬਹੁਤ ਵਾਧਾ ਕੀਤਾ। ਇਸ ਤਰ੍ਹਾਂ 20ਵੀਂ ਸਦੀ ਦੇ ਸ਼ੁਰੂ ਵਿੱਚ ਖੇਤੀਬਾੜੀ ਉਹਨਾਂ ਦਾ ਮੁੱਖ ਧੰਦਾ ਬਣ ਗਿਆ। ਜ਼ਮੀਨਾਂ ਘੱਟ ਹੋਣ ਕਰਕੇ ਅਤੇ ਸਰੀਰਕ ਤੌਰ ਤੇ ਤਕੜੇ ਹੋਣ ਕਰੇਕ ਉਹ ਵੱਡੀ ਗਿਣਤੀ ਵਿੱਚ ਅੰਗਰੇਜ਼ ਸੈਨਾ ਵਿੱਚ ਭਰਤੀ ਹੋਏ। ਵੱਖ–ਵੱਖ ਸੈਨਿਕ ਮੁਹਿੰਮਾਂ ਅਤੇ ਦੋਹਾਂ ਮਹਾਯੁੱਧਾਂ ਵਿੱਚ ਬਹੁਤ ਬਹਾਦਰੀ ਵਿਖਾ ਕੇ ਇਹਨਾਂ ਨੇ ਆਪਣੇ ਆਪ ਨੂੰ ਜੰਗਜੂ ਬਰਾਦਰੀ ਸਿੱਧ ਕੀਤਾ। 20ਵੀਂ ਸਦੀ ਦੇ ਪਹਿਲੇ ਅੱਧ ਵਿੱਚ ਸੰਤ ਪ੍ਰੇਮ ਸਿੰਘ ਜੀ ਨੇ ਇਨ੍ਹਾਂ ਲਈ ਸਿੱਖ ਧਰਮ ਦਾ ਪ੍ਰਚਾਰ ਅਤੇ ਸਿੱਖਿਆ ਦੇ ਪ੍ਰਸਾਰ ਲਈ ਬੜੇ ਸ਼ਲਾਘਾਯੋਗ ਯਤਨ ਕੀਤੇ ਸਨ, ਜਿਸ ਕਰਕੇ ਇਹਨਾਂ ਦੇ

ਰਹਿਣ ਸਹਿਣ ਦੇ ਤਰੀਕੇ ਅਤੇ ਸਮਾਜਿਕ ਰੀਤੀ ਰਿਵਾਜ਼ਾਂ ਵਿੱਚ ਤਬਦੀਲੀ ਆਈ। ਨਤੀਜੇ ਵਜੋਂ ਇਹਨਾਂ ਵਿੱਚ ਸਭਿਆਚਾਰਕ ਜਾਗਰੂਕਤਾ ਅਤੇ ਰਾਜਨੀਤਕ ਚੇਤਨਾ ਵੀ ਆਈ।

(ਇਸ ਵਿਸ਼ੇ ਸਬੰਧੀ ਖੁਸ਼ਵੰਤ ਸਿੰਘ ਦੇ ਵਿਚਾਰ ਅਗਲੇ ਅੰਕ ਵਿੱਚ)

98724-66351

◆◆◆

*ਅੱਖੀਂ ਡਿੱਠੀ ਸ਼ਖਸ਼ੀਅਤ*

## ਸਰੂਪ ਸਿੰਘ ਖਾਸਰੀਆ-ਜ਼ਿੰਦਾ ਦਿਲ ਇਨਸਾਨ



'ਅਦਾਰਾ ਰੂਹ ਪੰਜਾਬੀ' ਜਿਸ ਨੂੰ ਕਿ ਪ੍ਰਸਿੱਧ ਨਾਟਕਕਾਰ ਤੇ ਸਟੇਟ ਅਵਾਰਡੀ ਸਤਵਿੰਦਰ ਬੇਗੋਵਾਲੀਆ ਦੀ ਅਗਵਾਈ ਹੇਠ ਚਲਦਿਆਂ ਦੋ ਕੁ ਵਰ੍ਹਿਆਂ ਦਾ ਸਮਾਂ ਹੋ ਚੁੱਕਾ ਹੈ ਤੇ ਜਿਸ ਨੇ ਇੰਨੇ ਥੋੜੇ ਸਮੇਂ ਵਿੱਚ ਆਪਣੇ ਪਾਠਕਾਂ ਵਿੱਚ ਇਕ ਅਲੱਗ ਪਹਿਚਾਣ ਬਣਾ ਲਈ ਹੈ। ਇਸ ਅਦਾਰੇ ਦੀ ਹੋਂਦ ਪੰਜਾਬ ਕਲਾ ਮੰਚ ਦੇ ਵਿਹੜੇ ਵਿੱਚੋਂ ਉਤਪੰਨ ਹੋਈ ਤੇ ਇਸ ਮੰਚ ਨੂੰ ਚਲਾਉਣ ਲਈ ਜਿਥੇ ਸਮੇਂ ਸਮੇਂ ਤੇ ਮੰਚ ਦੇ ਅਹੁਦੇਦਾਰਾਂ ਵੱਲੋਂ ਆਪਣੇ ਆਪਣੇ ਅਹੁਦਿਆਂ ਤੇ ਮਿਹਨਤ ਲਗਨ ਨਾਲ ਕੰਮ ਕਰਕੇ ਇਸ ਮੰਚ ਨੂੰ ਦੇਸ਼ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਲੋਕ ਪ੍ਰਿਆ ਬਣਾਇਆ। ਇਸੇ ਲੜੀ ਨੂੰ ਹੀ ਅਗੇ ਤੋਰਦਿਆਂ ਮੰਚ ਵੱਲੋਂ ਸਰਬਸੰਮਤੀ ਨਾਲ ਇਸ ਸਾਲ ਦੀ ਪ੍ਰਧਾਨਗੀ ਦੀ ਵਾਗ ਡੋਰ ਉੱਘੇ ਸਮਾਜ ਸੇਵੀ ਸਰੂਪ ਸਿੰਘ ਖਾਸਰੀਆ ਹੱਥ ਦਿੱਤੀ। ਜੇ ਸਰੂਪ ਸਿੰਘ ਖਾਸਰੀਆ ਦੀ ਜ਼ਿੰਦਗੀ ਤੇ ਇਕ ਪੰਛੀ ਝਾਤ ਮਾਰੀਏ ਤਾਂ ਉਸ ਜਿਹੀ ਸ਼ਖਸ਼ੀਅਤ ਨੂੰ ਇਹ ਅਹੁਦਾ ਦੇਣਾ ਮੰਚ ਲਈ ਵੀ ਅੰਕ ਆਉਣ ਵਾਲੇ ਸਮੇਂ ਵਿੱਚ ਵਧੀਆ ਸੰਦੇਸ਼ ਹੈ।

ਸਰੂਪ ਸਿੰਘ ਖਾਸਰੀਆ ਪਰਿਵਾਰ ਦੇ ਵਿਹੜੇ ਲੱਗੇ ਇੱਕ ਸੁੰਦਰ ਬੂਟੇ ਦਾ ਇਕ ਉਹ ਫੁੱਲ ਹੈ ਜਿਸ ਦੀ ਜਿਥੇ ਇੱਕ ਸੋਹਣੀ ਖੁਸ਼ਬੋ ਹਰ ਸਮੇਂ ਹਵਾ ਵਿੱਚ ਸੁਗੰਧੀਆ ਘੋਲਦੀ ਨਜ਼ਰ ਆਉਂਦੀ ਹੈ ਉਥੇ ਹੀ ਇਸ ਵਿਹੜੇ ਦੇ ਬੂਟੇ ਦਾ ਇਕ ਇਹ ਸੁੰਦਰ ਫੁੱਲ ਹਰ ਸਮੇਂ ਖਿੜਿਆ ਨਜ਼ਰ ਆਉਂਦਾ ਹੈ। ਸਮਾਜ ਸੇਵੀ ਸੰਸਥਾਵਾਂ ਨਾਲ ਜੁੜ ਕੇ ਜਿਥੇ ਸਰੂਪ ਸਿੰਘ ਖਾਸਰੀਆ ਇਲਾਕੇ ਵਿੱਚ ਇਕ ਵਧੀਆ ਸ਼ਖਸੀਅਤ ਵਜੋਂ ਸਾਹਮਣੇ ਨਜ਼ਰ ਆਉਂਦੇ ਹਨ ਉਥੇ ਹੀ 'ਅਦਾਰਾ ਰੂਹ ਪੰਜਾਬੀ ਤੇ ਪੰਜਾਬ ਕਲਾ ਮੰਚ ਨੂੰ ਹੋਰ ਅੱਗੇ ਲੈ ਜਾਣ ਲਈ ਉਨ੍ਹਾਂ ਵਿੱਚ ਇਕ ਵੱਖਰਾ ਉਤਸ਼ਾਹ ਹੈ। ਸਰੂਪ ਸਿੰਘ ਖਾਸਰੀਆ ਜਿਥੇ ਵਧੀਆ ਕਾਰੋਬਾਰੀ ਇਨਸਾਨ ਹਨ ਉਥੇ ਹੀ ਸਾਹਿਤ ਦੇ ਖੇਤਰ ਨਾਲ ਜੁੜੇ ਲੋਕਾਂ ਲਈ ਵੀ ਉਨ੍ਹਾਂ ਦੇ ਦਿਲ ਵਿੱਚ ਪੂਰਾ ਸਤਿਕਾਰ ਹੈ ਕਿਉਂਕਿ ਉਨ੍ਹਾਂ ਦੀ ਜ਼ੁਬਾਨ ਤੋਂ ਵੀ ਕਦੀ ਕਦੀ ਕੁਝ ਮਿੱਠੀ ਆਵਾਜ਼ ਵਿੱਚ ਤੇ ਵੱਖਰੇ ਅੰਦਾਜ਼ ਵਿੱਚ ਕੁਝ ਸੁਨਣ ਨੂੰ ਮਿਲਦਾ ਹੈ ਤੇ ਮਹਿਫ਼ਿਲ ਨੂੰ ਰੰਗੀਨ ਬਣਾਉਣਾ ਉਨ੍ਹਾਂ ਵਿੱਚ ਇਕ ਹੁਨਰ ਵੀ ਹੈ ਤੇ ਹਾਸਿਆਂ ਖੇਡਿਆਂ ਵਿੱਚ ਇਕ ਮਜਾਕੀਆ ਸੁਭਾਅ।

ਜਿਥੇ ਇਹ ਸ਼ਖਸ਼ੀਅਤ ਪਿਛਲੇ ਲੰਬੇ ਸਮੇਂ ਤੋਂ ਇਸ ਮੰਚ ਨਾਲ ਜੁੜ ਕੇ ਆਪਣੀਆਂ ਸੇਵਾਵਾਂ ਭਾਉਂਦੀ ਰਹੀ ਹੈ ਉਥੇ ਹੀ ਸਰੂਪ ਸਿੰਘ ਇੰਟਰਨੈਸ਼ਨਲ ਲਾਇਨਜ਼ ਕਲੱਬ ਦੇ ਵੀ ਦਰਜਾ ਬ੍ਰਦਰਜਾ



ਅਹੁਦੇਦਾਰ ਵਜੋਂ ਕਾਰਜ ਕਰ ਰਹੇ ਹਨ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਲਾਇਨਜ਼ ਕਲੱਬ ਵਿੱਚ ਵੀ ਆਪਣੀ ਵਧੀਆ ਪਹਿਚਾਣ ਬਣਾਉਣ ਸਦਕਾ ਉਨ੍ਹਾਂ ਨੂੰ ਕਲੱਬ ਵੱਲੋਂ ਇੰਗਲੈਂਡ, ਕੈਨੇਡਾ, ਅਮਰੀਕਾ ਤੇ ਹੋਰ ਕਈ ਦੇਸ਼ਾਂ ਵਿੱਚ ਜਾਣ ਦਾ ਮੌਕਾ ਮਿਲਿਆ। ਸਰੂਪ ਸਿੰਘ ਖਾਸਰੀਆ ਨੇ ਵਿਦੇਸ਼ ਦੌਰੇ ਦੌਰਾਨ 'ਅਦਾਰਾ ਰੂਪ ਪੰਜਾਬੀ' ਦੇ ਕਈ ਅੰਕ ਵਿਦੇਸ਼ ਬੈਠੇ ਪੰਜਾਬੀਆਂ ਤੱਕ ਵੀ ਪਹੁੰਚਾਏ। ਕਹਿਣ ਨੂੰ ਤਾਂ ਇਸ ਸਖਸ਼ੀਅਤ ਬਾਰੇ ਹੋਰ ਵੀ ਬੜਾ ਕੁਝ ਹੈ ਪਰ ਅਖੀਰ ਇਹੀ ਕਿਹਾ ਜਾ ਸਕਦਾ ਹੈ ਪ੍ਰਮਾਤਮਾ ਉਨ੍ਹਾਂ ਨੂੰ ਲੰਬੀ ਤੇ ਸਿਹਤਮੰਦ ਜ਼ਿੰਦਗੀ ਬਖਸ਼ੇ ਤਾਂ ਜੋ ਉਹ ਪੰਜਾਬ ਕਲਾ ਮੰਚ ਤੇ ਅਦਾਰਾ ਰੂਪ ਪੰਜਾਬੀ ਲਈ ਇਸੇ ਤਰ੍ਹਾਂ ਉਤਸ਼ਾਹ ਬਣਾਈ ਰੱਖਣ ਤੇ ਪ੍ਰਸਿੱਧ ਨਾਟਕਕਾਰ ਸਤਵਿੰਦਰ ਬੇਗੋਵਾਲੀਆ ਦੀ ਇਸ ਸੋਚ ਨੂੰ ਹੋਰ ਉਪਰ ਲੈ ਕੇ ਜਾਣ।


**ਬੱਬਲਾ ਬੇਗੋਵਾਲ**

**99154-28009**

◆◆◆

**ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ 'ਵਲੰਟੀਅਰ ਐਵਾਰਡ' ਹਾਸਲ**

## ਆਲਮੀ ਪੱਧਰ 'ਤੇ ਸਿੱਖ ਕੌਮ ਦਾ ਮਾਣ ਵਧਾਉਣ ਵਾਲੇ ਡਾ. ਰਘਬੀਰ ਸਿੰਘ ਬੈਂਸ



**ਡਾ. ਰਘਬੀਰ ਸਿੰਘ ਬੈਂਸ**

ਡਾ. ਰਘਬੀਰ ਸਿੰਘ ਬੈਂਸ ਆਲਮੀ ਪੱਧਰ 'ਤੇ ਸਿੱਖ ਜਗਤ ਦੀ ਜਾਣੀ-ਪਛਾਣੀ ਸ਼ਖ਼ਸੀਅਤ ਹਨ। ਇਸ ਵਕਤ ਭਾਵੇਂ ਉਹ ਆਪਣੀ ਉਮਰ ਦੇ ਅਠਵੇਂ ਦਹਾਕੇ ਨੂੰ ਪਾਰ ਕਰਨ ਵਾਲੇ ਹਨ, ਪਰ ਉਨ੍ਹਾਂ ਵਿਚ ਕੌਮੀ ਜਜ਼ਬੇ ਦੀ ਤਾਜ਼ਗੀ ਜਵਾਨੀ ਵਾਂਗ ਅਜੇ ਵੀ ਬਰਕਰਾਰ ਹੈ ਅਤੇ ਉਹ ਕੌਮ ਲਈ ਕੁਝ ਕਰ-ਗੁਜ਼ਰਨ ਲਈ ਤੱਤਪਰ ਰਹਿੰਦੇ ਹਨ। ਨਿਸ਼ਚਿਤ ਤੌਰ 'ਤੇ ਉਹਨਾਂ ਨੇ ਮਨੁੱਖਤਾ ਦੀ ਭਲਾਈ ਲਈ ਜੋ ਕੁਝ ਕੀਤਾ, ਉਹ ਕੌਮ ਲਈ ਵੱਡੇ ਮਾਣ ਵਾਲੀ ਗੱਲ ਹੈ।

ਡਾ. ਬੈਂਸ ਦਾ ਜਨਮ ਨਾਨਕਾ ਪਿੰਡ ਡਗਾਣਾ ਕਲਾਂ (ਹੁਸ਼ਿਆਰਪੁਰ) ਵਿਖੇ ਮਾਤਾ ਪ੍ਰੀਤਮ ਕੌਰ ਬੈਂਸ ਦੀ ਕੁੱਖੋਂ ਪਿਤਾ ਨਰਿੰਦਰ ਸਿੰਘ ਬੈਂਸ ਦੇ ਘਰ ਸੰਨ 1936 ਵਿਚ ਹੋਇਆ। ਉਨ੍ਹਾਂ ਦਾ ਜੱਦੀ ਪਿੰਡ ਮਾਣਕ ਢੇਰੀ (ਹੁਸ਼ਿਆਰਪੁਰ) ਹੈ ਅਤੇ ਉਹ ਅੱਜ ਕੈਨੇਡਾ ਵਿਖੇ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹ ਹੈਰਾਨੀ ਵਾਲੀ ਗੱਲ ਹੈ ਕਿ ਆਪਣੇ ਮਾਤਾ ਜੀ ਦੇ ਸੰਸਕਾਰਾਂ ਸਦਕਾ ਉਨ੍ਹਾਂ ਨੇ 10 ਸਾਲ ਦੀ ਉਮਰ ਵਿਚ ਹੀ ਲੋਕ-ਸੇਵਾ ਸ਼ੁਰੂ ਕਰ ਦਿੱਤੀ ਸੀ। ਮਾਤਾ ਜੀ ਵਲੋਂ ਦਿੱਤੇ ਸੰਸਕਾਰਾਂ ਸਦਕਾ ਇਨ੍ਹਾਂ ਦਾ ਨਾਂ ਸੰਸਾਰ ਪੱਧਰ 'ਤੇ ਚਮਕ ਰਿਹਾ ਹੈ। ਡਾ. ਬੈਂਸ ਨਾਲ ਜੁੜੀ ਵਿਸ਼ੇਸ਼ ਗੱਲ ਇਹ ਹੈ ਕਿ ਉਨ੍ਹਾਂ ਨੇ ਇਕ

***ਮਨੁੱਖਤਾ ਦੇ ਭਲੇ ਲਈ ਪਾਏ ਇਸ ਮਿਸਾਲੀ ਯੋਗਦਾਨ ਲਈ ਉਨ੍ਹਾਂ ਨੂੰ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮਿਲੇ ਐਵਾਰਡਾਂ/ਖਿਤਾਬਾਂ ਦੀ ਸੂਚੀ ਇਨੀ ਲੰਮੀ ਹੈ ਕਿ ਇਥੇ ਪੂਰੀ ਜਿਕਰ ਨਹੀਂ ਕੀਤੀ ਜਾ ਸਕਦੀ। ਮੁੱਖ ਤੌਰ 'ਤੇ ਉਨ੍ਹਾਂ ਨੂੰ 2005 ਵਿਚ ਕੈਨੇਡਾ ਵਿਚ 'ਆਰਡਰ ਆਫ ਬ੍ਰਿਟਿਸ਼ ਕੋਲੰਬੀਆ', 2000 ਵਿਚ ਕਮਿਊਨਿਟੀ ਸਰਵਿਸ ਐਵਾਰਡ (ਅਫਰੀਕਾ), 1999 ਵਿਚ 'ਆਰਡਰ ਆਫ ਖ਼ਾਲਸਾ, 2002 ਵਿਚ 'ਗੁੱਡ ਸਿਟੀਜ਼ਨ ਆਫ ਸਰੀ' ਐਵਾਰਡ, 2006 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 'ਸਿੱਖ ਸਕਾਲਰ ਆਫ ਕੰਪਿਊਟਰ ਏਜ', 2001 ਵਿਚ ਪੰਥ ਰਤਨ, 2006 ਵਿਚ ਸ਼ਾਨੇ-ਪੰਜਾਬ ਇੰਟਰਨੈਸ਼ਨਲ ਐਵਾਰਡ (ਭਾਰਤ), 2008 ਵਿਚ ਲਾਈਫ ਟਾਈਮ ਅਚੀਵਮੈਂਟ ਐਵਾਰਡ (ਕੈਨੇਡਾ), 2012 ਵਿਚ ਕੁਈਨ ਐਲੀਜ਼ਾਬੈਥ ਸੈਕੰਡ ਡਾਇਮੰਡ ਜੁਬਲੀ ਮੈਡਲ, 2014 ਵਿਚ ਗਵਰਨਰ ਜਨਰਲ ਕੇਅਰਿੰਗ ਕੈਨੇਡੀਅਨ ਐਵਾਰਡ ਆਦਿ ਵਰਗੇ ਵੱਕਾਰੀ ਖ਼ਿਤਾਬਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ 2013 ਅਤੇ 2014 ਵਿਚ ਦੁਨੀਆ ਦੀਆਂ 100 ਸਭ ਤੋਂ ਪ੍ਰਭਾਵਸ਼ਾਲੀ ਸਿੱਖ ਹਸਤੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ। ਸਿੱਖ ਕੌਮ ਅਤੇ ਪੰਜਾਬੀ ਭਾਈਚਾਰੇ ਨੂੰ ਉਨ੍ਹਾਂ 'ਤੇ ਮਾਣ ਹੈ।***


ਬੇਹੱਦ ਸਾਧਾਰਨ ਪਰਿਵਾਰ ਵਿਚੋਂ ਉਠ ਕੇ ਇਹ ਉੱਚਾ ਮਰਤਬਾ ਹਾਸਲ ਕੀਤਾ ਤੇ ਸਿੱਖ ਕੌਮ ਦਾ ਕੌਮਾਂਤਰੀ ਪੱਧਰ 'ਤੇ ਨਾਂ ਰੌਸ਼ਨ ਕਰਨ ਵਿਚ ਵੱਡੀ ਭੂਮਿਕਾ ਅਦਾ ਕੀਤੀ।

ਨਸ਼ਿਆਂ, ਸਮਾਜਿਕ ਬੁਰਾਈਆਂ, ਮਾਰਕੁਟਾਈ, ਘਰੇਲੂ ਹਿੰਸਾ, ਵੇਸਵਾਗ਼ਮਨੀ ਅਤੇ ਏਡਜ਼ ਵਰਗੀ ਨਾਮੁਰਾਦ ਬੀਮਾਰੀ ਨਾਲ ਜੁੜੇ ਵੱਖ-ਵੱਖ ਪਹਿਲੂਆਂ 'ਤੇ ਏਸ਼ੀਆ, ਅਫਰੀਕਾ, ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਯੂਰਪ ਅਤੇ ਅਸਟਰੇਲੀਆ ਆਦਿ ਖਿਤਿਆਂ ਵਿਚ ਜਾ ਕੇ ਡੂੰਘੀ ਖੋਜ ਕੀਤੀ ਅਤੇ ਇਨ੍ਹਾਂ ਦੀ ਰੋਕਥਾਮ ਲਈ ਸੰਸਾਰ ਪੱਧਰ 'ਤੇ ਕੰਮ ਕੀਤਾ। ਖਾਸ ਤੌਰ 'ਤੇ ਐਚ.ਆਈ.ਵੀ/ਏਡਜ਼ ਬਾਰੇ ਖੋਜ ਹਿੱਤ ਉਹਨਾਂ ਨੇ ਇਸ ਬੀਮਾਰੀ ਤੋਂ ਸਭ ਤੋਂ ਵੱਧ ਪੀੜਤ ਅਫਰੀਕਨ ਮੁਲਕਾਂ ਤਨਜ਼ਾਨੀਆ, ਯੂਗਾਂਡਾ ਅਤੇ ਕੀਨੀਆ ਆਦਿ ਦਾ ਦੌਰਾ ਕੀਤਾ। ਜਦੋਂ ਅਫਰੀਕਾ ਵਿਚ ਸਮਾਜ ਵਲੋਂ ਵੇਸਵਾਗ਼ਮਨੀ ਵੱਲ ਧੱਕੀ ਜਬਰ-ਜਨਾਹ ਤੋਂ ਪੀੜਤ 'ਆਪਣੀ ਮੂੰਹ ਬੋਲੀ ਧੀ' ਜੋ ਬਾਅਦ ਵਿਚ ਏਡਜ਼ ਨਾਲ ਮਰ ਗਈ ਸੀ, ਨਾਲ ਹੋਏ ਵਾਰਤਾਲਾਪ ਨੂੰ ਸਾਂਝਾ ਕਰਦੇ ਹਨ, ਤਾਂ ਰੂਹ ਕੰਬ ਉਠਦੀ ਹੈ। ਉਨ੍ਹਾਂ ਅਜਿਹੀਆਂ ਅਨੇਕਾਂ ਪੀੜਤ ਔਰਤਾਂ 'ਤੇ ਖੋਜ ਕੀਤੀ ਅਤੇ ਇਹਨਾਂ ਬੁਰਾਈਆਂ ਦੇ ਕਾਰਨਾਂ ਦੀ ਥਾਹ ਪਾ ਕੇ ਦੁਨੀਆ ਨੂੰ ਇਹਨਾਂ ਦੇ ਹੱਲ ਸੁਝਾਏ। ਡਰੱਗ ਥੈਰਪੀ ਦੀ ਵਿਦਿਆ ਕੈਨੇਡਾ ਅਤੇ ਅਮਰੀਕਾ ਤੋਂ ਲਈ। ਉਹਨਾਂ ਨੇ ਜ਼ਮੀਨੀ ਪੱਧਰ 'ਤੇ ਇਹਨਾਂ ਅਲਾਮਤਾਂ ਤੋਂ ਪੀੜਤ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਕੌਮਾਂਤਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿਚ ਭਾਸ਼ਣ ਦੇਣ ਅਤੇ ਪਰਚੇ ਪੜ੍ਹਨ ਦਾ ਮਾਣ ਹਾਸਲ ਕੀਤਾ।

ਆਧੁਨਿਕ ਤਕਨਾਲੋਜੀ ਰਾਹੀਂ ਤਕਰੀਬਨ ਡੇਢ ਦਹਾਕਾ ਲਾ ਕੇ ਤਿਆਰ ਕੀਤਾ ਗਿਆ ਆਪਣੀ ਕਿਸਮ ਦਾ ਸੰਸਾਰ ਦਾ ਪਹਿਲਾ ਮਲਟੀਮੀਡੀਆ ਸਿੱਖ ਇਨਸਾਈਕਲੋਪੀਡੀਆ ਉਹਨਾਂ ਦੀ ਵਿਲੱਖਣ ਉਪਲਬਧੀ ਅਤੇ ਕੌਮ ਨੂੰ ਦੇਣ ਹੈ। ਜਿਕਰਯੋਗ ਹੈ ਕਿ ਇਸ



***ਲੰਘੀ 19 ਮਾਰਚ ਨੂੰ ਉਨ੍ਹਾਂ ਨੂੰ ਭਾਈਚਾਰੇ ਲਈ ਕੀਤੀਆਂ ਸੇਵਾਵਾਂ ਬਦਲੇ ਕੈਨੇਡਾ ਵਿਚ ਪ੍ਰਧਾਨ ਮੰਤਰੀ ਵਲੰਟੀਅਰ ਐਵਾਰਡ ਨਾਲ ਨਿਵਾਜਿਆ ਗਿਆ ਹੈ। ਇਹ ਵੱਕਾਰੀ ਐਵਾਰਡ ਹਾਸਲ ਕਰਨ ਵਾਲੇ ਉਹ ਦੁਨੀਆ ਦੇ ਪਹਿਲੇ ਭਾਰਤੀ ਹਨ।***



**ਡਾ. ਰਘਬੀਰ ਸਿੰਘ ਬੈਂਸ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਪਾਸੋਂ 'ਵਲੰਟੀਅਰ ਐਵਾਰਡ' ਹਾਸਲ ਕਰਦੇ ਹੋਏ।**

ਇਨਸਾਈਕਲੋਪੀਡੀਆ ਨੂੰ 1996 ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਪਾਰਲੀਮੈਂਟ ਹਾਊਸ ਵਿਚ ਆਪਣੇ ਕਰ-ਕਮਲਾਂ ਨਾਲ ਰਿਲੀਜ਼ ਕੀਤਾ ਗਿਆ ਸੀ।

ਅੱਠ ਗੁਰੂ ਸਾਹਿਬਾਨ ਦੀ ਪਾਵਨ ਚਰਨ ਛੋਹ ਪ੍ਰਾਪਤ ਪਾਵਨ ਧਰਤੀ ਸ੍ਰੀ ਖਡੂਰ ਸਾਹਿਬ ਨਾਲ ਉਨ੍ਹਾਂ ਦਾ ਖਾਸਾ ਮੋਹ ਹੈ ਅਤੇ ਉਨ੍ਹਾਂ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਦੀ ਰਹਿਨੁਮਾਈ ਹੇਠ ਵੱਡੇ ਕਾਰਜ ਕੀਤੇ। ਮਨੁੱਖਤਾ ਦੀ ਭਲਾਈ ਲਈ ਧਰਮ, ਵਿਦਿਆ, ਵਾਤਾਵਰਨ ਸੰਭਾਲ, ਖੇਡਾਂ ਅਤੇ ਸਮਾਜ ਸੇਵਾ ਦੇ ਖੇਤਰਾਂ ਵਿਚ ਵਿੱਢੇ ਗਏ ਪ੍ਰਾਜੈਕਟਾਂ ਵਿਚ ਡਾ. ਬੈਂਸ ਨੇ ਚੋਖਾ ਯੋਗਦਾਨ ਪਾਇਆ। ਉਨ੍ਹਾਂ ਨੇ ਇਥੇ ਦੁਨੀਆ ਦਾ ਪਹਿਲਾ ਮਲਟੀਮੀਡੀਆ ਸਿੱਖ ਅਜਾਇਬ ਘਰ ਲਾ ਕੇ ਇਕ ਕੀਰਤੀਮਾਨ ਸਥਾਪਿਤ ਕੀਤਾ। ਪਿਛਲੇ 14 ਸਾਲਾਂ ਤੋਂ ਉਹ ਹਰ ਸਾਲ 6 ਮਹੀਨਿਆਂ ਲਈ ਖਡੂਰ ਸਾਹਿਬ ਵਿਖੇ ਨਿਸ਼ਕਾਮ ਸੇਵਾ ਕਰਨ ਆਉਂਦੇ ਹਨ। ਇਥੇ ਬਣੀ ਅਜੂਬਾ-ਨੁਮਾ ਇਮਾਰਤ 'ਨਿਸ਼ਾਨ-ਏ-ਸਿੱਖੀ' ਦੀ ਉਸਾਰੀ ਵਿਚ ਵੀ ਬਤੌਰ ਸਲਾਹਕਾਰ ਦੀ ਭੂਮਿਕਾ ਅਦਾ ਕੀਤੀ ਅਤੇ ਇਸ ਨੂੰ ਵਿਸ਼ਵ-ਪੱਧਰੀ ਬਣਾਉਣ ਵਿਚ ਆਪਣਾ ਯੋਗਦਾਨ ਪਾਇਆ। ਖਡੂਰ ਸਾਹਿਬ ਵਿਖੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਸਬੰਧੀ ਖੋਜ ਅਤੇ ਸ਼ਨਾਖਤ ਕਰਾਉਣ ਦਾ ਸਿਹਰਾ ਵੀ ਮੁੱਖ ਤੌਰ 'ਤੇ ਡਾ. ਬੈਂਸ ਨੂੰ ਜਾਂਦਾ ਹੈ। ਇਸ ਤੋਂ ਇਲਾਵਾ ਆਪ ਨੇ ਸ੍ਰੀ ਗੋਇੰਦਵਾਲ ਸਾਹਿਬ-ਖਡੂਰ ਸਾਹਿਬ ਸੜਕ ਜਿਸ ਉਤੇ ਪੈਦਲ ਚੱਲ ਕੇ ਗੁਰੂ ਅਮਰਦਾਸ ਦੀ 12 ਸਾਲ ਲਗਾਤਾਰ ਬਿਆਸ ਦਰਿਆ ਤੋਂ ਗਾਗਰ ਵਿਚ ਜਲ ਲਿਆ ਕੇ ਇਸ਼ਨਾਨ ਕਰਾਉਂਦੇ ਰਹੇ, ਨੂੰ ਵੀ 'ਗੁਰੂ ਅਮਰ ਦਾਸ ਮਾਰਗ' ਵਜੋਂ ਮਾਨਤਾ ਦਿਵਾਈ।

ਖਡੂਰ ਸਾਹਿਬ ਤੋਂ ਬਾਅਦ ਡਾ. ਬੈਂਸ ਨੇ ਟੋਰਾਂਟੋ (ਕੈਨੇਡਾ), ਗੁਰਦੁਆਰਾ ਦਾਤਾ ਬੰਦੀ ਛੋੜ ਕਿਲ੍ਹਾ ਗਵਾਲੀਅਰ (ਮੱਧ ਪ੍ਰਦੇਸ਼), ਸੁਲਤਾਨਪੁਰ ਲੋਧੀ (ਜ਼ਿਲ੍ਹਾ ਕਪੂਰਥਲਾ), ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਜਲੰਧਰ ਅਤੇ ਸਭਰਾਵਾਂ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ ਮਲਟੀਮੀਡੀਆ ਅਜਾਇਬ ਘਰ ਸਥਾਪਿਤ ਕਰਵਾਏ। ਦੁਨੀਆ ਦੀ ਆਧੁਨਿਕ ਤਕਨਾਲੋਜੀ

ਨਾਲ ਬਣੇ ਇਹ ਅਜਾਇਬ ਘਰ ਸਿੱਖੀ ਦੇ ਪ੍ਰਚਾਰ ਲਈ ਵੱਡਾ ਰੋਲ ਅਦਾ ਕਰ ਰਹੇ ਹਨ।

ਮਨੁੱਖਤਾ ਦੀ ਸੇਵਾ ਵਿਚ ਹਰ ਸਮੇਂ ਤੱਤਪਰ ਰਹਿਣ ਵਾਲੇ ਡਾ. ਬੈਂਸ ਵੱਲੋਂ ਕੁਝ ਹਮ-ਖਿਆਲ ਨੌਜਵਾਨਾਂ ਨੂੰ ਨਾਲ ਲੈ ਕੇ ਜਲੰਧਰ ਵਿਖੇ ਇਕ 'ਯਾਦ ਫਾਊਂਡੇਸ਼ਨ' ਨਾਂ ਦੀ ਸੰਸਥਾ ਦਾ ਗਠਨ ਕੀਤਾ ਗਿਆ ਸੀ। ਜੋ ਕਿ ਬੀਤੇ ਲੰਮੇ ਸਮੇਂ ਤੋਂ ਲਗਾਤਾਰ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਸਿੱਟਿਆਂ ਤੋਂ ਬਚਾਉਣ ਲਈ ਸਕੂਲਾਂ ਅਤੇ ਕਾਲਜਾਂ ਵਿਚ ਸੈਮੀਨਾਰ ਅਤੇ ਰੈਲੀਆਂ ਆਦਿ ਕਰਦੇ ਆ ਰਹੇ ਹਨ।

ਲਿਆਕਤ, ਵਿਦਿਆ ਅਤੇ ਹੁਨਰ ਸਦਕਾ ਡਾ. ਬੈਂਸ ਨੂੰ ਕੈਨੇਡਾ ਸਰਕਾਰ ਦੀਆਂ ਵੱਖ-ਵੱਖ ਸਲਾਹਕਾਰ ਕਮੇਟੀਆਂ ਵਿਚ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਜਾਂਦਾ ਰਿਹਾ ਹੈ।

**-ਦਲਜੀਤ ਸਿੰਘ ਰਤਨ**

**ਮੋਬਾਈਲ : 98149-44411**

**35, ਸੰਗਮ ਵਿਹਾਰ, ਯੂਨੀਵਰਸਿਟੀ ਰੋਡ, ਲੱਧੇਵਾਲੀ, ਜਲੰਧਰ-9**

◆◆◆

*ਸਾਹਿਤਕ/ਰੰਗ ਮੰਚੀ ਹਲਚਲ*

## ਗ੍ਰਹਿਸਤ ਦਾ ਗੱਡਾ (ਨਾਟ ਸੰਗ੍ਰਹਿ) ਰਿਲੀਜ਼



ਪ੍ਰੈੱਸ ਕਲੱਬ ਜਲੰਧਰ ਵਿਖੇ ਪਿਛਲੇ ਦਿਨੀਂ ਆਈ.ਸੀ. ਨੰਦਾ ਪੁਰਸਕਾਰ ਜੇਤੂ ਨਾਟਕਕਾਰ ਸਤਵਿੰਦਰ ਬੇਗੋਵਾਲੀਆ ਦੀ ਪੰਜਵੀਂ ਨਾਟ-ਪੁਸਤਕ 'ਗ੍ਰਹਿਸਤ ਦਾ ਗੱਡਾ' ਨੂੰ ਡਾ. ਜਸਵੰਤ ਬੇਗੋਵਾਲ, ਹਰਮੀਤ ਸਿੰਘ ਅਟਵਾਲ ਅਤੇ ਦਲਜੀਤ ਸਿੰਘ ਰਤਨ ਨੇ ਰਿਲੀਜ਼ ਕੀਤਾ। ਵਿਭਿੰਨ ਵਿਸ਼ਿਆਂ ਵਾਲੇ ਚਾਰ ਨਾਟਕਾਂ ਦੀ ਪੁਸਤਕ ਸਬੰਧੀ ਪੱਤਰਕਾਰਾਂ ਦੇ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ ਗਏ। ਇਸ ਮੌਕੇ ਸੁਖਚੈਨ ਸਿੰਘ ਮੁਰੱਬੀਆ, ਰਮੇਸ਼ ਚੰਦਰ ਗਾਂਧੀ, ਸਰੂਪ ਸਿੰਘ ਖਾਸਰੀਆ, ਨਰਿੰਦਰਪਾਲ ਸਿੰਘ ਹੈਪੀ, ਬਬਲਾ ਬੇਗੋਵਾਲ, ਰਤਨ ਟਾਹਲਵੀ, ਸਰਬਜੀਤ ਸਿੰਘ ਪੱਪਲ, ਬਲਬੀਰ ਤਲਵੰਡੀ ਅਤੇ ਹੋਰ ਸਾਹਿਤ ਪ੍ਰੇਮੀ ਹਾਜ਼ਿਰ ਸਨ।

◆◆◆

## ਜਾਤ, ਪੂੰਜੀ ਅਤੇ, ਫਿਰਕਾਪ੍ਰਸਤੀ ਰਾਹੀਂ ਦੇਸ਼ ਦਾ ਮਾਹੌਲ ਗੰਧਲਾ ਕੀਤਾ ਜਾ ਰਿਹੈ-ਅਰੁੰਧਤੀ ਰਾਏ

30 ਅਗਸਤ 2015 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਉੱਘੀ ਲੇਖਿਕਾ ਅਰੁੰਧਤੀ ਰਾਏ ਨੇ ਅਗਾਂਹ ਵਧੂ ਦਰਸ਼ਕਾਂ ਨਾਲ ਸਾਂਝ ਸਥਾਪਤ ਕਰਦੇ ਹੋਏ ਕਿਹਾ ਕਿ ਪੂੰਜੀ ਨੂੰ





ਕਿਸੇ ਪਾਸਪੋਰਟ ਦੀ ਜ਼ਰੂਰਤ ਨਹੀਂ ਹੈ, ਪਾਸਪੋਰਟ ਤਾਂ ਵਿਅਕਤੀ ਲਈ ਹੈ। ਉਹਨਾਂ ਮੋਬਾਇਲ ਫ਼ੋਨ ਨੂੰ ਸਭ ਤੋਂ ਵੱਡਾ ਵੈਰੀ ਦੱਸਦਿਆਂ ਕਿਹਾ ਕਿ ਸਾਡੀ ਹਰ ਤਰ੍ਹਾਂ ਦੀ ਜਾਣਕਾਰੀ ਫ਼ੋਨ ਰਾਹੀਂ ਅਮਰੀਕਾ ਕੋਲ ਜਾ ਰਹੀ ਹੈ। ਵਿਦੇਸ਼ ਕੰਪਨੀਆਂ ਨੇ ਪੂੰਜੀ ਨੂੰ ਇਧਰ ਉਧਰ ਕਰਨ ਲਈ ਕੰਪਿਊਟਰ ਰਾਹੀਂ ਬੈਂਕ ਖਾਤੇ ਚਲਾਏ ਹਨ ਤਾਂ ਜੋ ਪੂੰਜੀ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ ਵਿੱਚ ਲਿਜਾਣ ਲਈ ਕੋਈ ਦਿੱਕਤ ਨਾ ਆਵੇ।

◆◆◆

## ਪੂਰਬ ਉੱਤਰ ਰਾਸ਼ਟਰੀ ਰੰਗ ਉਤਸਵ ਵਿੱਚ ਨਾਟਕ 'ਲਖੀਮੀ' ਦਾ ਪ੍ਰਭਾਵਸ਼ਾਲੀ ਮੰਚਨ (30 ਅਗਸਤ 2015)

ਨੈਸ਼ਨਲ ਸਕੂਲ ਆਫ਼ ਡਰਾਮਾ ਵੱਲੋਂ ਕਰਵਾਏ ਗਏ 'ਪੂਰਬ ਉੱਤਰ ਰਾਸ਼ਟਰੀ ਰੰਗ ਉਤਸਵ' ਦੇ ਆਖਰੀ ਦਿਨ ਥੀਏਟਰ ਗਰੁੱਪ ਗੋਹਾਟੀ ਵੱਲੋਂ ਅਨੂਪ ਹਜਾਰਿਕਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਲਖੀਮੀ' ਖੇਡਿਆ ਗਿਆ। ਫਿਰਕੂ ਦੰਗਿਆਂ ਕਾਰਨ ਲੋਕਾਂ ਦੇ ਜਾਨੀ ਤੇ ਮਾਲੀ ਨੁਕਸਾਨ ਨੂੰ ਬਾਖ਼ੂਬੀ ਵਿਖਾਇਆ ਗਿਆ ਹੈ। ਇਸ ਪੰਜ ਰੋਜ਼ਾ ਨਾਟਕ ਉਤਸਵ ਦੌਰਾਨ ਪੰਜੇ ਨਾਟਕ ਖੇਤਰੀ ਭਾਸ਼ਾਵਾਂ ਵਿੱਚ ਖੇਡੇ ਗਏ।



◆◆◆

## 'ਸਾਹਿਤ ਸਮੀਖਿਆ' ਰਿਲੀਜ਼ ਹੋਈ

ਉੱਘੇ ਕਵੀ ਅਤੇ ਸਮੀਖਿਅਕ ਡਾ. ਜਸਵੰਤ ਬੇਗੋਵਾਲ ਦੀ ਪੁਸਤਕ 'ਸਾਹਿੱਤ ਸਮੀਖਿਆ' ਨੂੰ ਡਾ. ਸੁਖਵਿੰਦਰ ਸਿੰਘ ਰੰਧਾਵਾ, ਡਾ. ਆਸਾ ਸਿੰਘ ਘੁੰਮਣ ਅਤੇ ਡਾ. ਜਸਵੰਤ ਬੇਗੋਵਾਲ ਨੇ ਹਾਜ਼ਰੀਨ ਲਈ ਰਿਲੀਜ਼ ਕੀਤਾ। ਇਟਾਲੀਅਨ ਕੰਪਲੈਕਸ ਬੇਗੋਵਾਲ (ਕਪੂਰਥਲਾ) ਵਿਖੇ 6 ਸਤੰਬਰ, 2015 ਨੂੰ ਆਯੋਜਤ ਸਮਾਰੋਹ ਵਿੱਚ ਡਾ. ਸਰਦੂਲ ਸਿੰਘ ਔਜਲਾ ਅਤੇ ਨਾਟਕਕਾਰ ਸਤਵਿੰਦਰ ਬੇਗੋਵਾਲੀਆ ਨੇ ਇਸ ਪੁਸਤਕ ਸਬੰਧੀ ਵਿਭਿੰਨ ਪੱਖਾਂ ਨੂੰ ਹਾਜ਼ਰੀਨ ਨਾਲ ਸਾਂਝੇ ਕਰਦੇ ਹੋਏ ਕਿਹਾ ਕਿ ਇਹ ਪੁਸਤਕ ਕਾਲਜ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਹੋਵੇਗੀ। ਇਸ ਪੁਸਤਕ ਵਿੱਚ ਕਵਿਤਾ ਤੋਂ ਸ਼ੁਰੂਆਤ ਕਰਕੇ ਰੰਗ ਮੰਚ ਤੱਕ ਹਰ ਸਾਹਿਤਕ ਵੰਨਗੀ ਨੂੰ ਉਦਾਹਰਣਾਂ ਸਹਿਤ ਵਰਨਣ ਕੀਤਾ ਗਿਆ ਹੈ।

◆◆◆

# ਨਾਟਕ ਔਰਤਾਂ ਦਾ

***ਸੁਖਮਿੰਦਰ ਸਿੰਘ ਸੇਖੋਂ***

ਪਾਤਰ :
ਪ੍ਰਧਾਨ
ਸਕੱਤਰ
ਮੈਡਮ
ਲੇਖਿਕਾ
ਸਮਾਜ ਸੇਵਿਕਾ
ਨਾਇਕਾ
ਪ੍ਰਚਾਰਿਕਾ
ਔਰਤ-1
ਔਰਤ -2
ਅਧਿਆਪਕਾ

* ਮੰਚ ਤੇ ਕੁਝ ਕੁਰਸੀਆਂ ਤੇ ਇੱਕ ਵੱਡੀ ਮੇਜ਼ ਪਈ ਹੈ। ਪਿੱਛੇ ਸਫੈਦ ਪਰਦੇ ਤੇ ਇਕ ਪਹਿਲਵਾਨ ਕਿਸਮ ਦੇ ਮਰਦ ਦਾ ਵੱਡਾ ਚਿੱਤਰ ਲਗਿਆ ਹੋਇਆ ਹੈ, ਜਿਸ 'ਤੇ ਕਾਟੇ ਦਾ ਨਿਸ਼ਾਨ ਹੈ।

(ਮੰਚ ਦੇ ਪਿਛਿਓਂ ਮਿੱਠਾ ਮਿੱਠਾ ਸੰਗੀਤ ਉਤਪੰਨ ਹੁੰਦਾ ਹੈ ਤੇ ਫੇਰ ਢੋਲਕ ਦੇ ਵੱਜਣ ਦੀ ਆਵਾਜ਼। ਸਟੇਜ ਤੇ ਢੋਲਕ ਵਜਾਉਂਦੀ ਇਕ ਔਰਤ (ਪ੍ਰਚਾਰਿਕਾ) ਪ੍ਰਵੇਸ਼ ਕਰਦੀ ਹੈ)

ਪ੍ਰਚਾਰਿਕਾ : ਸੁਣੋ! ਸੁਣੋ! ਸੁਣੋ! ਨਗਰ ਨਿਵਾਸੀਓ ਸੁਣੋ! ਪ੍ਰਧਾਨ ਜੀ ਦਾ ਫਰਮਾਨ ਸੁਣੋ। ਖੋਹਲ ਕੇ ਕੰਨ ਧਿਆਨ ਨਾਲ ਸੁਣੋ!

ਸੁਣੋ! ਸੁਣੋ! ਸੁਣੋ! ਇਸ ਨਗਰੀ ਦੇ ਔਰਤ ਸਮਾਜ ਦੀ ਪ੍ਰਧਾਨ ਵੱਲੋਂ ਇਕ ਹੰਗਾਮੀ ਇਕਤਰਤਾ ਬੁਲਾਈ ਗਈ ਹੈ। ਜਿਸ ਵਿੱਚ ਵੱਖ-ਵੱਖ ਵਰਗ ਦੀਆਂ ਔਰਤ ਪ੍ਰਤੀਨਿਧਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਮਿਤੀ ..........ਨੂੰ.......... ਵਜੇ ਪ੍ਰਧਾਨਗੀ ਹਾਲ ਵਿੱਚ ਹਾਜ਼ਰ ਹੋਣ ਤਾਂ ਕਿ ਏਜੰਡੇ ਅਨੁਸਾਰ ਔਰਤ ਸਮਾਜ ਦੀਆਂ ਸਮੱਸਿਆਵਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾ ਸਕੇ ਤੇ ਕਿਸੇ ਅੰਤਿਮ ਨਤੀਜੇ ਤੇ ਪਹੁੰਚਿਆ ਜਾ ਸਕੇ।

ਸੁਣੋ! ਸੁਣੋ! ਸੁਣੋ! ਪ੍ਰਧਾਨ ਜੀ ਦਾ ਫੁਰਮਾਨ ਸੁਣੋ, ਖੋਲ੍ਹ ਕੇ ਕੰਨ ਧਿਆਨ ਨਾਲ ਸੁਣੋ! ਸੁਣੋ! ਸੁਣੋ! ਸੁਣੋ!

(ਪ੍ਰਚਾਰਕਾ ਹਰ ਕੁਰਸੀ ਉਤੋਂ ਦੀ ਹੁੰਦੀ ਹੋਈ ਪੂਰੇ ਸਟੇਜ ਤੇ ਹੋਕਾ ਦਿੰਦੀ ਹੋਈ ਚਲੀ ਜਾਂਦੀ ਹੈ)

(ਹਨੇਰੇ ਉਪਰੰਤ ਰੋਸ਼ਨੀ ਦਾ ਆਗਮਨ ਹੁੰਦਾ ਹੈ। ਸਟੇਜ ਦੀ ਵੱਡੀ ਕੁਰਸੀ ਤੇ



ਪ੍ਰਧਾਨ ਜੀ ਬੈਠੇ ਹਨ ਤੇ ਬਾਕੀ ਕੁਰਸੀਆਂ ਤੇ ਔਰਤ ਸਮਾਜ ਦੀਆਂ ਪ੍ਰਤੀਨਿਧ ਔਰਤਾਂ। ਔਰਤਾਂ ਵਿਚਕਾਰ ਘੁਸਰ-ਮੁਸਰ ਹੁੰਦੀ ਹੈ। ਪ੍ਰਧਾਨ ਜੀ ਟੇਬਲ ਥਪਥਪਾਉਂਦੇ ਹਨ। ਸਾਰੇ ਜਣੇ ਸੁਸਰੀ ਵਾਂਗ ਚੁੱਪ ਕਰ ਜਾਂਦੇ ਹਨ। ਪ੍ਰਧਾਨ ਜੀ ਸਕੱਤਰ ਨੂੰ ਇਕੱਤਰਤਾ ਦੀ ਕਾਰਵਾਈ ਸ਼ੁਰੂ ਕਰਨ ਲਈ ਇਸ਼ਾਰਾ ਕਰਦੇ ਹਨ।)

ਸਕੱਤਰ : ਮੈਂ ਪ੍ਰਧਾਨ ਜੀ ਦੀ ਤਰਫੋਂ ਇਕੱਤਰ ਹੋਈਆਂ ਪਤਵੰਤੀਆਂ ਸੱਜਣੀਆਂ ਦਾ ਹਾਰਦਿਕ ਅਭਿਨੰਦਨ ਕਰਦੀ ਹਾਂ। ਮੇਰੇ ਖਿਆਲ ਅਨੁਸਾਰ ਅੱਜ ਦੀ ਮੀਟਿੰਗ ਦੇ ਏਜੰਡੇ ਤੋਂ ਤਾਂ ਸਾਰੇ ਜਾਣੇ ਭਲੀਭਾਂਤ ਜਾਣੂੰ ਹੀ ਹੋਣਗੇ। ਵੈਸੇ ਤਾਂ ਇਸ ਏਜੰਡੇ ਵਿੱਚ ਕਈ ਵੱਡੇ ਛੋਟੇ ਨੁਕਤੇ ਵਿਚਾਰੇ ਜਾਣੇ ਹਨ, ਪਰ ਸਭ ਤੋਂ ਅਹਿਮ ਤੇ ਮੁੱਖ ਮੁੱਦਾ ਹੈ ਮਰਦਾਂ ਵੱਲੋਂ ਔਰਤਾਂ ਦਾ ਸ਼ੋਸ਼ਣ।

(ਸਾਰੇ ਪ੍ਰਤੀਨਿਧ ਆਪਸ 'ਚ ਘੁਸਰ ਮੁਸਰ ਕਰਨ ਲੱਗਦੇ ਹਨ।)

ਪ੍ਰਧਾਨ : (ਮੁਸਕਰਾ ਕੇ) ਜੀ ਹਾਂ! ਔਰਤ ਸਮਾਜ ਦੀ ਪ੍ਰਧਾਨ ਹੋਣ ਦੇ ਨਾਤੇ ਮੈਂ ਆਪਣੇ ਤੌਰ 'ਤੇ ਅਹਿਮ ਫੈਸਲਾ ਲਿਆ ਹੈ ਕਿ ਇਸ ਮਰਦ ਪ੍ਰਧਾਨ ਸਮਾਜ ਨੇ ਜ਼ਿੰਦਗੀ ਦੇ ਹਰ ਇਕ ਪਹਿਲੂ ਤੇ ਔਰਤ ਨਾਲ ਜ਼ੁਲਮ ਕਮਾਏ ਹਨ ਤੇ ਹੁਣ ਵਕਤ ਆ ਗਿਆ ਹੈ ਕਿ ਅਸੀਂ ਮਰਦ ਸਮਾਜ ਦੇ ਇਨ੍ਹਾਂ ਜ਼ੁਲਮਾਂ ਦਾ ਬਹਾਦਰੀ ਨਾਲ ਜੂਝਦੇ ਹੋਇਆਂ ਪੂਰਣ ਤੌਰ 'ਤੇ ਸਫਾਇਆ ਕਰ ਦੇਈਏ।

(ਸਕੱਤਰ ਨੂੰ)

ਸਕੱਤਰ ਸਾਹਿਬਾਂ ਕਾਰਵਾਈ ਦਾ ਸ਼ੁਭ ਆਰੰਭ ਕੀਤਾ ਜਾਏ।

ਸਕੱਤਰ : (ਪ੍ਰਧਾਨ ਨੂੰ) ਥੈਂਕਯੂ ਮਿਸਿਜ਼ ਪ੍ਰਧਾਨ!

(ਪ੍ਰਤੀਨਿਧਾਂ ਨੂੰ ਸੰਬੋਧਿਤ)

ਸਭ ਤੋਂ ਪਹਿਲਾਂ ਮੈਂ ਮਿਸ ਮੈਡਮ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਆਮੰਤਰਿਤ ਕਰਦੀ ਹਾਂ : ਮਿਸ ਮੈਡਮ!

(ਤਾੜੀਆਂ ਨਾਲ ਸਵਾਗਤ)

(ਮੈਡਮ ਮੰਚ ਤੇ ਆਉਂਦੀ ਹੈ)

ਮੈਡਮ : ਪ੍ਰਧਾਨ ਜੀ ਤੇ ਸਕੱਤਰ ਸਾਹਿਬਾਂ ਐਂਡ ਮਾਈ ਅਵਰ ਸੋਸਾਇਟੀ। ਮਰਦ ਸੋਸਾਇਟੀ ਬਾਰੇ ਤਾਂ ਮੇਰੀ ਇਹੀਓ ਧਾਰਨਾ ਹੈ ਕਿ ਇਸ ਨੇ ਆਪਣੀ ਖੁਦਗਰਜ਼ੀ ਕਰਕੇ ਮੈਨੂੰ ਮੈਡਮ ਦਾ ਰੁਤਬਾ ਪ੍ਰਦਾਨ ਕੀਤਾ ਹੈ ਤਾਂ ਕਿ ਇਹ ਮਰਦ ਸਮਾਜ ਮੈਥੋਂ ਆਪਣਾ ਹਰ ਇੱਕ ਉਲਟਾ ਸਿੱਧਾ ਕੰਮ ਕਰਵਾ ਸਕੇ। ਬੇਸ਼ਕ ਮੈਂ ਆਪਣੀ ਇਨਟੈਲੀਜੈਨਸੀ ਕਰਕੇ ਹੀ ਮੈਡਮ ਦੇ ਸਟੇਟਸ ਤੇ ਪਹੁੰਚੀ ਹਾਂ, ਪਰ ਇਹ ਮਰਦ ਪ੍ਰਧਾਨ ਸਮਾਜ ਮੈਨੂੰ ਤਿੱਖੀਆਂ ਤੇ ਬੁਰੀਆਂ ਨਜ਼ਰਾਂ ਨਾਲ ਤੱਕਦਾ ਹੈ ਤੇ ਮੇਰੀ ਪਿੱਠ ਪਿਛੇ ਤਰ੍ਹਾਂ ਤਰ੍ਹਾਂ ਦੇ ਕਿੱਸੇ ਘੜਦਾ ਰਹਿੰਦਾ ਹੈ ਪਰ ਜਦੋਂ ਇਹ ਮਰਦ ਮੇਰੇ ਸਾਹਮਣੇ ਆਉਂਦੇ ਹਨ ਤਾਂ ਪਾਲਤੂ ਕੁਤਿਆਂ

ਵਾਂਗ ਪੂਛਾਂ ਨੀਵੀਆਂ ਕਰਕੇ ਇਸ ਤਰ੍ਹਾਂ ਪੇਸ਼ ਆਉਂਦੇ ਹਨ ਜਿਵੇਂ ਇਹਨਾਂ ਨੇ ਮੇਰੀ ਮਾਂ ਦਾ ਕੋਈ ਕਰਜ਼ਾ ਮੋੜਨਾ ਹੋਵੇ...

(ਸਾਰੇ ਜਣੇ ਹੱਸਦੇ ਹਨ)

ਮੈਨੂੰ ਉਮੀਦ ਹੈ ਕਿ ਮੇਰੀਆਂ ਸਾਥੀ ਔਰਤਾਂ ਇਸ ਸਭ ਕਾਸੇ ਨਾਲ ਸਹਿਮਤ ਹੋਣਗੀਆਂ ਕਿ ਇਹ ਮਰਦ ਸਿਰਫ ਸਵਾਰਥ ਤੇ ਖੁਦਗਰਜ਼ੀ ਦੇ ਪੁਤਲੇ ਹਨ ਤੇ ਹੋਰ ਕੁਝ ਵੀ ਨਹੀਂ।

(ਮੈਡਮ ਏਨਾ ਆਖ ਕੇ ਆਪਣੀ ਸੀਟ ਤੇ ਆ ਬੈਠਦੀ ਹੈ ਤੇ ਤਾੜੀਆਂ ਵੱਜਦੀਆਂ ਹਨ।)

ਸਕੱਤਰ : ਮੈਨੂੰ ਬਹੁਤ ਖੁਸ਼ੀ ਤੇ ਪ੍ਰਸੰਨਤਾ ਹੋਈ ਹੈ ਕਿ ਸਾਡੇ ਸਮਾਜ ਵਿੱਚ ਮੈਡਮ ਵਰਗੀਆਂ ਉੱਚੇ ਰੁਤਬੇ ਵਾਲੀਆਂ ਔਰਤਾਂ ਵੀ ਹਨ ਜੋ ਬਹੁਤ ਬਹਾਦਰੀ ਨਾਲ ਮਰਦ ਸਮਾਜ ਨਾਲ ਟਕਰਾਉਂਦੀਆਂ ਹਨ। ਇਸੇ ਗੱਲ ਤੇ ਮੈਨੂੰ ਇਕ ਸ਼ੇਅਰ ਯਾਦ ਆ ਰਿਹਾ ਹੈ। ਦੋਸਤੋ......

(ਸਾਰੇ ਪਾਤਰ ਇਰਸ਼ਾਦ ਇਰਸ਼ਾਦ ਕਰਦੇ ਹਨ)

ਹਮ ਤੋ ਖਾਮੋਸ਼ ਰਹਿਤੀਂ ਜ਼ਮਾਨੇ ਤਲਕ
ਮੂੰਹ ਖੁਲਵਾਇਆ ਹੈ ਇਨ ਮਰਦੋਂ ਨੇ।

(ਸਾਰੇ ਜਣੇ ਭਰਪੂਰ ਦਾਦ ਦਿੰਦੇ ਹਨ।)

ਸਕੱਤਰ : ਮਿਸ ਮੈਡਮ ਤੋਂ ਬਾਅਦ ਸੇਵਿਕਾ ਜੀ ਨੂੰ ਬੇਨਤੀ ਕਰਦੀ ਹਾਂ ਕਿ ਉਹ ਸਟੇਜ 'ਤੇ ਪਹੁੰਚਣ ਤੇ ਆਪਣੇ ਸਮਾਜ ਦੀਆਂ ਪ੍ਰੋਬਲਮਜ਼ ਬਾਰੇ ਵਿਸਥਾਰ 'ਚ ਦੱਸਣ। ਸ੍ਰੀਮਤੀ ਸੇਵਿਕਾ ਜੀ...

(ਸੇਵਿਕਾ ਮੰਚ ਤੇ ਆਉਂਦੀ ਹੈ। ਤਾੜੀਆਂ।)

ਸੇਵਿਕਾ : ਮੈਨੂੰ ਬੜੀ ਪ੍ਰਸੰਨਤਾ ਹੋਈ... ਕਿ ਅੱਜ ਕਾਫੀ ਅਰਸੇ ਬਾਅਦ ਆਪਣੇ ਸਮਾਜ ਦੇ ਵੱਖ-ਵੱਖ ਖੇਤਰਾਂ ਦੀ ਪ੍ਰਤੀਨਿਧਤਾ ਕਰਦੀਆਂ ਔਰਤਾਂ ਨੂੰ ਇਕਠਿਆਂ ਬੈਠਣ ਦਾ ਅਵਸਰ ਹੋਇਆ ਹੈ ਪਰ ਮੈਨੂੰ ਦੁੱਖ ਇਸ ਗੱਲ ਦਾ ਹੋਇਆ ਹੈ ਕਿ ਅੱਜ ਆਪਾਂ ਆਪਣੇ ਦੁਖੜੇ ਆਖਿਰ ਕਿਸ ਨੂੰ ਸੁਣਾਉਣ ਲਈ ਇਕੱਠੀਆਂ ਹੋਈਆਂ ਹਾਂ? ਕੀ ਆਪਣੇ ਆਪ ਨੂੰ?

(ਘੁਸਰ ਮੁਸਰ)

ਜਿਸ ਮਰਦ ਪ੍ਰਧਾਨ ਸਮਾਜ ਨੇ ਆਪਾਂ ਨੂੰ ਅੰਤਾਂ ਦਾ ਦੁਖੀ ਤੇ ਜ਼ਲੀਲ ਕੀਤਾ ਹੈ, ਕੀ ਇਸ ਮਹਾਂ ਸਭਾ 'ਚ ਉਹਨਾਂ ਦਾ ਇਕ ਵੀ ਪ੍ਰਤੀਨਿਧ ਸ਼ਾਮਿਲ ਕਰਨਾ ਗਵਾਰਾ ਨਹੀਂ ਸਮਝਿਆ?

ਅਧਿਆਪਕਾ : (ਤਲਖੀ ਨਾਲ) ਮੈਂ ਸੇਵਿਕਾ ਜੀ ਦੀ ਗੱਲ ਨਾਲ ਬਿਲਕੁਲ ਵੀ ਸਹਿਮਤ ਨਹੀਂ। ਜਿਸ ਮਰਦ ਨੇ ਸਾਡੇ ਤੇ ਸਦੀਆਂ ਤੋਂ ਅਤਿਆਚਾਰ ਕੀਤੇ ਤੇ ਸਾਨੂੰ ਪੈਰ ਦੀ ਜੁੱਤੀ ਸਮਝਿਆ, ਕੀ ਅਸੀਂ ਉਸ ਨੂੰ ਹਾਲੇ ਵੀ ਆਪਣੇ ਕੋਲ ਪੁਚਕਾਰ ਕੇ ਬਿਠਾਈਏ? ਅਜਿਹਾ ਮਰਦਾਂ ਦੀ ਤਾਂ ਥੂ ਕੌੜੀ।



ਨਾਇਕਾ : ਮੈਂ ਅਧਿਆਪਕਾ ਜੀ ਦੀ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਮਰਦਾਂ ਦਾ ਕੀ ਹੈ, ਇਹਨਾਂ ਨੂੰ ਤਾਂ ਕਿ ਮਾਤਰ ਇਸ਼ਾਰਾ ਹੀ ਕਾਫੀ ਹੁੰਦਾ ਹੈ, ਇਹ ਤੁਹਾਡੇ ਪੈਰ ਚੱਟਣ ਲਈ ਉਤਾਰੂ ਹੋ ਜਾਣਗੇ। ਅਜਿਹੇ ਚਾਪਲੂਸ ਤੇ ਧੋਖੇਬਾਜ਼ ਮਰਦਾਂ ਤੋਂ ਦੂਰ ਰਹਿਣ ਵਿੱਚ ਹੀ ਭਲਾਈ ਹੈ।

ਲੇਖਿਕਾ : ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਕਿਉਂਕਿ ਨਾ ਤਾਂ ਮਰਦ ਦਾ ਔਰਤ ਬਿਨਾਂ ਗੁਜ਼ਾਰਾ ਹੈ ਤੇ ਨਾ ਔਰਤਾਂ ਦਾ ਮਰਦ ਬਿਨਾਂ। ਮਰਦ ਜੇ ਜ਼ੁਲਮ ਕਰਦਾ ਹੈ ਤਾਂ ਔਰਤ ਨੂੰ ਉਸ ਜ਼ੁਲਮ ਦਾ ਮੁਕਾਬਲਾ ਟਕਰਾਉ ਦੀ ਨੀਤੀ ਨਾਲ ਨਹੀਂ, ਬਲਕਿ ਪਿਆਰ ਦੀ ਨੀਤੀ ਨਾਲ ਕਰਨਾ ਚਾਹੀਦਾ ਹੈ।

ਅਧਿਆਪਕਾ : ਮੈਨੂੰ ਅੱਜ ਪਹਿਲੀ ਵਾਰ ਲੇਖਿਕਾ ਜੀ ਦੀ ਕਲਮ ਤੇ ਸ਼ੱਕ ਹੋਇਆ ਹੈ, ਕਿਉਂਕਿ ਆਪਣੀਆਂ ਲਿਖਤਾਂ ਵਿੱਚ ਮਰਦਾਂ ਦਾ ਵਿਰੋਧ ਕਰਨ ਵਾਲੀ ਕ੍ਰਾਂਤੀਕਾਰੀ ਲੇਖਿਕਾ ਤੋਂ ਮੈਨੂੰ ਅਜਿਹੀ ਉਮੀਦ ਨਹੀਂ ਸੀ।

ਲੇਖਿਕਾ : ਨਹੀਂ ਨਹੀਂ ਅਧਿਆਪਕਾ ਜੀ ਐਸੀ ਕੋਈ ਗੱਲ ਨਹੀਂ...

ਨਾਇਕਾ : (ਕੱਟ ਕੇ) ਫਿਰ ਹੋਰ ਕਿਹੜੀ ਗੱਲ ਹੈ ਲੇਖਿਕਾ ਜੀ?

(ਪ੍ਰਧਾਨ ਜੀ ਦਖਲ ਦਿੰਦੇ ਹਨ)

ਪ੍ਰਧਾਨ : ਦੇਖੋ! ਆਪਾਂ ਏਥੇ ਆਪਸ 'ਚ ਲੜਨ-ਭਿੜਨ ਵਾਸਤੇ ਇਕੱਠੇ ਨਹੀਂ ਹੋਏ ਬਲਕਿ ਮਰਦ ਦੇ ਜ਼ੁਲਮਾਂ ਤੋਂ ਨਿਜ਼ਾਤ ਪਾਉਣ ਲਈ ਇਕੱਤਰ ਹੋਏ ਹਾਂ। ਇਸ ਲਈ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਹੀ ਆਪਾਂ ਆਪਣੀਆਂ ਮੁਸ਼ਕਿਲਾਂ ਦਾ ਹੱਲ ਢੂੰਡਣਾ ਹੈ।

ਸਕੱਤਰ : ਹਾਜ਼ਰ ਪ੍ਰਤੀਨਿਧ ਸਾਥੀਓ। ਅੱਗੇ ਤੋਂ ਇਸ ਗੱਲ ਦਾ ਖਾਸ ਖਿਆਲ ਰੱਖਣਾ ਹੋਏਗਾ ਕਿ ਕੋਈ ਵੀ ਗੱਲ ਸੰਵਿਧਾਨ ਤੋਂ ਬਾਹਰ ਨਾ ਜਾਵੇ।

ਇਸ ਤੋਂ ਪਹਿਲਾਂ ਕਿ ਹੋਰ ਮਾਨਯੋਗ ਪ੍ਰਤੀਨਿਧ ਆਪਣੇ ਵਿਚਾਰ ਰੱਖਣ, ਮੈਂ ਪ੍ਰਚਾਰਿਕਾ ਜੀ ਨੂੰ ਵੀ ਮੌਕਾ ਦੇਣਾ ਚਾਹੁੰਦੀ ਹਾਂ ਕਿਉਂਕਿ ਅੱਜ ਕੱਲ੍ਹ ਪ੍ਰਚਾਰ ਇਕ ਜਬਰਦਸਤ ਮਾਧਿਅਮ ਹੈ ਤੇ ਪ੍ਰਚਾਰ ਤੋਂ ਬਿਨਾਂ ਕਿਸੇ ਸ਼ੈਅ ਦੀ ਕੋਈ ਕੀਮਤ ਨਹੀਂ।

ਮੈਡਮ : ਹਾਂ ਜੀ ਹਾਂ! ਪ੍ਰਚਾਰਿਕਾ ਵੀ ਸਾਡੇ ਦਰਮਿਆਨ ਇਕ ਅਹਿਮ ਹਸਤੀ ਨੇ, ਇਨ੍ਹਾਂ ਦੇ ਵਿਚਾਰਾਂ ਤੋਂ ਬਿਨ੍ਹਾਂ ਤਾਂ ਮੀਟਿੰਗ ਦੀ ਕਾਰਵਾਈ ਹੀ ਅਧੂਰੀ ਹੋਵੇਗੀ।

ਨਾਇਕਾ : ਜੇ ਪ੍ਰਚਾਰ ਹੈ ਤਾਂ ਆਪਾਂ ਹਾਂ, ਅਨਥਾ ਆਪਾਂ ਕੀ ਤੇ ਆਪਣੀ ਹਸਤੀ ਕੀ?

ਸਕੱਤਰ : ਹਾਂ ਤਾਂ ਪ੍ਰਚਾਰਿਕਾ ਜੀ।

(ਪ੍ਰਚਾਰਿਕਾ ਸ਼ਰਮਾਉਂਦੀ ਹੋਈ ਮੰਚ ਤੇ ਆਉਂਦੀ ਹੈ)

ਪ੍ਰਚਾਰਿਕਾ : ਪ੍ਰਧਾਨ ਜੀ, ਸਕੱਤਰ ਸਾਹਿਬਾਂ ਤੇ ਮੇਰੇ ਮਹਿਬੂਬ ਸਾਥੀਓ! ਮੈਂ ਤੁਹਾਡਾ ਵਕਤ ਨਹੀਂ ਲਵਾਂਗੀ, ਕਿਉਂਕਿ ਮੈਂ ਹੋਰ ਬਹੁਤ ਸਾਰਾ ਪ੍ਰਚਾਰ ਕਰਨਾ ਹੈ ਤੇ ਮਰਦਾਂ ਦਾ ਸ਼ਿਕਾਰ ਕਰਨਾ ਹੈ।

(ਸਾਰੇ ਹੱਸਦੇ ਹਨ)

ਜੇ ਪ੍ਰਧਾਨ ਜੀ ਦੀ ਆਗਿਆ ਹੋਵੇ ਤਾਂ ਮੈਂ ਇਕ ਗਾਣਾ ਪ੍ਰਸਤੁਤ ਕਰਦੀ ਹਾਂ। (ਸਾਰੇ ਜਾਣੇ 'ਹਾਂ ਬਈ' 'ਹਾਂ ਬਈ' ਕਹਿੰਦੇ ਹਨ।)

ਪ੍ਰਧਾਨ : ਹਾਂ ਬਈ ! ਆਪਾਂ ਬਹਿਸਬਾਜ਼ੀ 'ਚ ਏਨੇ ਉਲਝ ਗਏ ਸੀ ਕਿ ਮਨੋਰੰਜਨ ਦਾ ਧਿਆਨ ਤੱਕ ਭੁੱਲ ਗਏ ਸੀ। ਸੁਣਾਓ ਬੀਬਾ ਜੀ ਗਾਣਾ ਸੁਣਾਓ ! ਸਾਡਾ ਰਤਾ ਦਿਲ ਬਹਿਲਾਓ !

ਪ੍ਰਚਾਰਕਾ : (ਗਲਾ ਸਾਫ ਕਰਕੇ) ਬਾਬੂ ਜੀ ਧੀਰੇ ਚੱਲਨਾ... ਪਿਆਰ ਮੇਂ ਜ਼ਰਾ ਸੰਭਲਨਾ... ਬੜ੍ਹੇ ਧੋਖੇ ਹੈ ਇਸ ਰਾਹ ਮੇਂ...

(ਤਾੜੀਆਂ ! ਪ੍ਰਚਾਰਕਾ ਆਪਣੀ ਜਗ੍ਹਾ ਤੇ ਚਲੀ ਜਾਂਦੀ ਹੈ।)

ਪ੍ਰਧਾਨ : ਹਾਂ-ਹਾਂ ਬਈ ! ਨਜ਼ਾਰਾ ਈ ਆ ਗਿਆ ਬੀਬਾ ਦਾ ਗਾਣਾ ਸੁਣਕੇ ! ਮੇਰੀ ਦਿਲੀ ਦੁਆ ਹੈ ਕਿ ਜੇ ਇਹ ਏਦਾਂ ਈ ਗਾਉਂਦੀ ਰਹੀ ਤਾਂ ਇਕ ਦਿਨ ਫਿਲਮਾਂ ਵਿੱਚ ਟਾਪ ਸਿੰਗਰ ਬਣੇਗੀ।

ਨਾਇਕਾ : (ਹੱਸਕੇ) ਪ੍ਰਧਾਨ ਜੀ ਕਿਉਂ ਸਾਡੇ ਕਲਾਕਾਰਾਂ ਦੀ ਰੋਟੀ-ਰੋਜ਼ੀ ਤੇ ਲੱਤ ਮਾਰਣ ਲੱਗੇ ਓ?

(ਸਾਰੇ ਹਸਦੇ ਹਨ।)

ਸਕੱਤਰ : ਉਮੀਦ ਹੈ ਕਿ ਸਭ ਨੂੰ ਪ੍ਰਚਾਰਿਕਾ ਜੀ ਦਾ ਨਗਮਾ ਪਸੰਦ ਆਇਆ ਹੋਵੇਗਾ। ਤੇ ਹੁਣ ਮੈਂ ਇਸ ਮਹਾਂ ਸਭਾ ਦੀ ਮਹਾਨ ਬੁਲਾਰੀ ਕੁਮਾਰੀ ਲੇਖਿਕਾ ਜੀ ਨੂੰ ਗੁਜ਼ਾਰਿਸ਼ ਕਰਾਂਗੀ ਕਿ ਉਹ ਮੰਚ ਤੇ ਤਸ਼ਰੀਫ ਲਿਆਉਣ ਤੇ ਆਪਣੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕਰਨ। ਕੁਮਾਰੀ ਲੇਖਿਕਾ ਜੀ...

(ਜ਼ੋਰਦਾਰ ਤਾੜੀਆਂ। ਲੇਖਿਕਾ ਮੰਚ ਤੇ ਆਉਂਦੀ ਹੈ)

ਲੇਖਿਕਾ : (ਮੁਸਕਰਾ ਕੇ) ਸਕੱਤਰ ਸਾਹਿਬਾਂ ਨੇ ਜਾਪਦਾ ਮੇਰੇ ਨਾਲ ਕੁਝ ਨਜਾਇਜ਼ ਕੀਤੀ ਹੈ ਜੋ ਮੈਨੂੰ ਏਨੀਆਂ ਮਹਾਨ ਹਸਤੀਆਂ ਸਾਹਵੇਂ ਚੰਦ ਸ਼ਬਦ ਕਹਿਣ ਲਈ ਬੁਲਾਇਐ।

ਸੇਵਿਕਾ : ਇਹ ਤਾਂ ਸਾਡਾ ਸੁਭਾਗ ਸਮਝੋ ਜੋ ਅੱਜ ਤੁਸੀਂ ਸਾਡੇ 'ਚ ਸ਼ਾਮਿਲ ਹੋ ਲੇਖਿਕਾ ਜੀ !

ਪ੍ਰਚਾਰਿਕਾ : ਇਨ੍ਹਾਂ ਨੇ ਮੇਰਾ ਸੱਦਾ ਪ੍ਰਵਾਨ ਕੀਤਾ, ਮੈਂ ਇਹਨਾਂ ਦੀ ਬੇਹੱਦ ਆਭਾਰੀ ਹਾਂ।

ਮੈਡਮ : ਬੜੀ ਚੰਗੀ ਗੱਲ ਏ ਜੇ ਅੱਜ ਸਾਨੂੰ ਲੇਖਕਾਂ ਤੇ ਕਲਾਕਾਰਾਂ ਦੀ ਸੰਗਤ ਕਰਨ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ, ਨਹੀਂ ਤਾਂ ਪ੍ਰਸ਼ਾਸਨਿਕ ਰੁਝੇਵੇਂ ਏਨੇ ਉਲਝੇਵੇਂ ਵਾਲੇ ਤੇ ਉਕਾਊ ਕਿਸਮ ਦੇ ਹਨ ਕਿ ਬੱਸ ਰਹੇ ਰੱਬ ਦਾ ਨਾਂ...

ਅਧਿਆਪਕਾ : ਮੈਨੂੰ ਤਾਂ ਇੰਜ ਜਾਪਦੈ ਪ੍ਰਧਾਨ ਜੀ ਨੇ ਅੱਜ ਇਸ ਮਹਾਂ ਸਭਾ ਵਿੱਚ ਚਾਪਲੂਸਾਂ ਨੂੰ ਇਨਵਾਈਟ ਕੀਤੈ, ਕੋਈ ਵੀ ਗੰਭੀਰ ਨਜ਼ਰ ਨਹੀਂ ਆ ਰਿਹਾ।

ਨਾਇਕਾ : ਅਧਿਆਪਕਾ ਜੀ ! ਤੁਹਾਨੂੰ ਇਹ ਸ਼ਬਦ ਵਾਪਿਸ ਲੈਣੇ ਚਾਹੀਦੇ ਨੇ, ਜੋ ਇਹ ਸੰਵਿਧਾਨਿਕ ਦਾਇਰੇ ਤੋਂ ਬਾਹਰ ਨੇ। ਤੁਸੀਂ ਲੇਖਕਾਂ ਤੇ ਕਲਾਕਾਰਾਂ ਦਾ



ਮਜ਼ਾਕ ਉਡਾਉਣ ਦਾ ਯਤਨ ਕੀਤੈ?

ਸੇਵਿਕਾ : ਪ੍ਰਧਾਨ ਜੀ ਨੂੰ ਇਸ ਵਿੱਚ ਦਖਲ ਦੇਣਾ ਚਾਹੀਦਾ ਏ।

ਪ੍ਰਧਾਨ : ਜਿਵੇਂ ਕਿ ਦੋਸਤੋ ਮੈਂ ਪਹਿਲੋਂ ਈ ਬੇਨਤੀ ਕੀਤੀ ਸੀ ਕਿ ਇਹ ਵਿਸ਼ੇਸ਼ ਮਹਾਂ ਸਭਾ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਸੱਦੀ ਗਈ ਐ ਨਾ ਕਿ ਕਿਸੇ ਦੇ ਜਜ਼ਬਾਤ ਨਾਲ ਖਿਲਵਾੜ ਕਰਨ ਲਈ। ਭਵਿੱਖ 'ਚ ਅਜਿਹੀ ਗਲਤੀ ਨਹੀਂ ਹੋਣੀ ਚਾਹੀਦੀ।

ਅਧਿਆਪਕਾ : ਮੁਆਫੀ ਚਾਹੁੰਦੀ ਆਂ ਪ੍ਰਧਾਨ ਜੀ !

ਸਕੱਤਰ : ਮੈਨੂੰ ਇਸ ਗੱਲ ਤੇ ਅਫਸੋਸ ਹੈ ਲੇਖਿਕਾ ਜੀ, ਤੁਸੀਂ ਆਪਣਾ ਭਾਸ਼ਨ ਜਾਰੀ ਰੱਖੋ।

ਲੇਖਿਕਾ : (ਮੁਸਕਰਾਕੇ) ਸਕੱਤਰ ਸਾਹਿਬਾਂ ਨੂੰ ਸ਼ਾਇਦ ਇਸ ਗੱਲ ਤੇ ਕੋਈ ਅਫਸੋਸ ਹੋਵੇ, ਪ੍ਰੰਤੂ ਮੈਨੂੰ ਬਿਲਕੁਲ ਨਹੀਂ ਤੇ ਨਾ ਹੀ ਮੈਂ ਭਾਸ਼ਨਾਂ ਵਿੱਚ ਹੀ ਯਕੀਨ ਰੱਖਦੀ ਹਾਂ। ਮੈਂ ਤਾਂ ਉਹੀ ਕਹਿੰਦੀ ਆਂ ਤੇ ਕਰਦੀ ਆਂ ਤੇ ਲਿਖਦੀ ਆਂ ਜੋ ਮੈਨੂੰ, ਮੇਰੀ ਆਤਮਾ ਨੂੰ ਠੀਕ ਜਾਪਦੈ।

ਗੱਲ ਮਰਦ ਸਮਾਜ ਦੇ ਬਾਈਕਾਟ ਦੀ ਚੱਲੀ ਏ, ਇਹ ਮੈਨੂੰ ਬਹੁਤ ਹਾਸੋਹੀਣੀ ਗੱਲ ਲੱਗੀ। ਆਪਾਂ ਲੋਕ ਏਨੇ ਤੰਗਦਿਲ ਕਦੋਂ ਤੋਂ ਹੋ ਗਏ ਜੋ ਕਿਸੇ ਨੂੰ ਛੇਕਣ ਤੀਕਣ ਨੌਬਤ ਆ ਗਈ? ਮੈਂ ਪੁੱਛਦੀ ਆਂ ਕਿ ਕੰਮਜ਼ੋਰੀ ਕਿਸ 'ਚ ਨਹੀਂ ਹੁੰਦੀ। ਕੀ ਸਾਰੀਆਂ ਦੀਆਂ ਸਾਰੀਆਂ ਔਰਤਾਂ ਦੁੱਧ ਧੋਤੀਆਂ ਨੇ? ਉਨ੍ਹਾਂ 'ਚ ਕੀ ਕੋਈ ਵੀ ਬੁਰਾਈ ਨੀ? ਕੀ ਮਰਦ ਇਕ ਵੀ ਚੰਗਾ ਨਹੀਂ ਜਿਸ ਨੂੰ ਇਸ ਮਹਾਂ ਸਭਾ ਵਿੱਚ ਨਿਮੰਤਰਿਤ ਨਾ ਕੀਤਾ ਜਾ ਸਕਿਆ? ਔਰਤ ਸਮਾਜ ਨੇ ਅਜਿਹਾ ਕਰਕੇ ਮਰਦ ਸਮਾਜ 'ਚ ਆਪਣੀ ਸਥਿਤੀ ਨੂੰ ਹੋਰ ਜ਼ਿਆਦਾ ਹਾਸੋਹੀਣੀ ਬਣਾ ਲਈ ਹੈ। ਮੈਂ ਪੁੱਛਦੀ ਆਂ.....

ਅਧਿਆਪਕਾ : (ਕੱਟਕੇ, ਰੋਹ ਨਾਲ) ਮੈਨੂੰ ਲਗਦੈ ਪ੍ਰਧਾਨ ਜੀ ਨੇ ਔਰਤ ਸਮਾਜ ਦੀ ਕਿਸੇ ਪ੍ਰਤੀਨਿਧ ਨੂੰ ਨਹੀਂ, ਬਲਕਿ ਮਰਦਾਂ ਦੀ ਕਿਸੇ ਸਪੋਰਟਰ ਨੂੰ ਇਸ ਸਭਾ 'ਚ ਬੁਲਾਇਆ? ਜੇ ਅਜਿਹਾ ਈ ਕਰਨਾ ਸੀ, ਤਾਂ ਭਲਾ ਇਸ ਇਕੱਠ ਦਾ ਕੀ ਫਾਇਦਾ?

ਮੈਡਮ : ਅਧਿਆਪਕਾ ਜੀ ! ਪਹਿਲੋਂ ਤੁਸੀਂ ਇਹਨਾਂ ਦੀ ਗੱਲ ਧਿਆਨ ਨਾਲ ਸੁਣੋ, ਬਾਅਦ 'ਚ ਆਪਣੇ ਕਮੈਂਟਸ ਦੇਣਾ। ਇਨ੍ਹਾਂ ਦੀ ਗਲ 'ਚ ਹੰਡਰਡ ਪਰਸੈਂਟ ਸੱਚਾਈ ਐ ਕਿ ਔਰਤ 'ਚ ਵੀ ਅਨੇਕਾਂ ਕੰਮਜ਼ੋਰੀਆਂ ਹਨ, ਜਿਵੇਂ ਕਿ ਕਾਫੀ ਮਰਦਾਂ ਵਿੱਚ।

ਨਾਇਕ : ਬੇਸ਼ਕ-ਬੇਸ਼ੱਕ ! ਪ੍ਰੰਤੂ ਮਰਦ ਇਜ਼ ਬਾਰਸਟਡ ! ਮੈਂ ਤਾਂ ਇਨ੍ਹਾਂ ਨੂੰ ਸਿਰਫ ਫਰੇਬੀ, ਤੇ ਧੋਖੇਬਾਜ਼ ਹੀ ਨਹੀਂ ਕਹਿੰਦੀ ਬਲਕਿ ਨੰਬਰ ਇਕ ਦੇ ਛਟੇ ਹੋਏ ਬਦਮਾਸ਼ ਵੀ ਆਖਦੀ ਹਾਂ।

ਪ੍ਰਧਾਨ : (ਗੁੱਸੇ ਨਾਲ) ਨਾਇਕਾ ! ਤੈਨੂੰ ਅਜਹੇ ਸ਼ਬਦ ਆਖਕੇ ਇਸ ਔਰਤ ਮਹਾਂ

ਸਭਾ ਦੀ ਤੌਹੀਨ ਕਰਨ ਦੀ ਆਗਿਆ ਹਰਗਿਜ਼ ਨਹੀਂ ਦਿੱਤੀ ਜਾਵੇਗੀ। ਯੂ ਅੰਡਰਸਟੈਂਡ।

ਨਾਇਕਾ : ਜੀ ... ਆਈਮ ਸੌਰੀ...

ਅਧਿਆਪਕਾ : ਮੈਂ ਵੀ ਨਾਇਕਾ ਜੀ ਵੱਲੋਂ ਮੁਆਫੀ ਮੰਗਦੀ ਹਾਂ।

ਪ੍ਰਧਾਨ : (ਗੁੱਸੇ ਨਾਲ ਹੀ) ਠੀਕੈ ਠੀਕੈ। ਪਰ ਆਇੰਦਾ ਅਜਿਹੀ ਗਲਤੀ ਨਹੀਂ ਹੋਣੀ ਚਾਹੀਦੀ। ਇਹ ਔਰਤ ਮਹਾਂ ਸਭਾ ਹੈ, ਕੋਈ ਨੱਥੂ ਰਾਮ ਹਲਵਾਈ ਦਾ ਢਾਬਾ ਨੀ। ਸਮਝੇ?

ਸਕੱਤਰ : ਉਮੀਦ ਹੈ – ਅਗਾਂਹ ਤੋਂ ਸਾਰੇ ਪ੍ਰਤੀਨਿਧ ਪ੍ਰਧਾਨ ਜੀ ਦੇ ਸ਼ਬਦਾਂ ਦਾ ਖਾਸ ਖਿਆਲ ਰੱਖਣਗੇ।(ਮੁਸਕਰਾਕੇ) ਅਛਿਆ ਤਾਂ ਲੇਖਿਕਾ ਜੀ ਤੁਸੀਂ ਆਪਣਾ ਭਾਸ਼ਣ ਜਾਰੀ ਰੱਖੋ...

ਲੇਖਿਕਾ : (ਮੁਸਕਰਾ ਕੇ) ਭਾਸ਼ਨ? ਬਾਰ ਬਾਰ ਭਾਸ਼ਨ? ਕੀ ਇਹ ਭਾਸ਼ਨ ਦੀ ਰੱਟ ਲਗਾ ਰੱਖੀ ਐ? ਰਾਸ਼ਨ ਦੀ ਗੱਲ ਕਰੋ ਤੇ ਜਾਂ... ਜਾਂ ਫਿਰ ਕਿਸੇ ਕਵਿਤਾ ਕਹਾਣੀ ਦੀ!

ਪ੍ਰਚਾਰਿਕਾ : ਹਾਂ ਜੀ ਲੇਖਿਕਾ ਜੀ ਕੋਈ ਕਹਾਣੀ ਸੁਣਾਓ! ਕਿਉਂਕਿ ਅਰਧੰਗਣੀ ਤੋਂ ਬਾਅਦ ਮੈਂ ਤੁਹਾਡੀ ਨਵੀਂ ਕਹਾਣੀ ਨਹੀਂ ਪੜ੍ਹੀ।

ਸੇਵਿਕਾ : ਕਹਾਣੀ ਨਹੀਂ ਨਜ਼ਮ। ਉਹ ਵਾਲੀ ਨਜ਼ਮ, ਜੋ ਤੁਸੀਂ ਅਕਸਰ ਸੁਣਾਇਆ ਕਰਦੇ ਹੋ ਲੇਖਿਕਾ ਜੀ ਪਾਰਟੀਸ਼ਨ ਵੇਲੇ ਦੀ...

ਸਕੱਤਰ : (ਖੁਸ਼ੀ ਨਾਲ) ਹਾਂ ਜੀ ਉਹੀ ਵਾਲੀ। ਸੁਣਾਓ ਨਾ ਲੇਖਿਕਾ ਜੀ?

ਅਧਿਆਪਕਾ : ਅੱਜ ਕੱਲ੍ਹ ਕਵਿਤਾਵਾਂ ਕਹਾਣੀਆਂ ਸੁਣਨ ਦਾ ਕਿਸੇ ਕੋਲ ਕੋਈ ਟਾਈਮ ਨਹੀਂ। ਵਾਧੂ 'ਚ ਵਕਤ ਖਰਾਬ ਕਰਨ ਦਾ ਕੀ ਫਾਇਦਾ? ਮੈਂ ਪ੍ਰਧਾਨ ਜੀ ਨੂੰ ਪੁਰਜ਼ੋਰ ਬੇਨਤੀ ਕਰਦੀ ਹਾਂ ਕਿ ਉਹ ਇਸ ਮਹਾਂ ਸਭਾ ਨੂੰ ਏਜੰਡੇ ਦੇ ਘੇਰੇ ਤੋਂ ਬਾਹਰ ਨਾ ਜਾਣ ਦੇਣ।

ਪ੍ਰਧਾਨ : (ਮੁਸਕਰਾਕੇ) ਅਧਿਆਪਕਾ ਜੀ! ਮੈਨੂੰ ਪੜ੍ਹਾਉਣ ਦੀ ਕੋਸ਼ਿਸ਼ ਨਾ ਕਰੋ, ਯੁੱਗ, ਬਹੁਮੱਤ ਦਾ ਹੈ, ਜੇ ਸਾਰੇ ਜਣੇ ਇਨ੍ਹਾਂ ਦੀ ਕੋਈ ਰਚਨਾ ਸੁਨਣ ਲਈ ਉਤਾਵਲੇ ਹਨ ਤਾਂ ਭਲਾ ਮੈਨੂੰ ਤੁਹਾਨੂੰ ਕੀ ਇਤਰਾਜ਼?

ਸਕੱਤਰ : ਹਾਂ ਤਾਂ ਲੇਖਿਕਾ ਜੀ ਆਪਣੀ ਕੋਈ ਰਚਨਾ ਸੁਣਾ ਕੇ ਔਰਤ ਸਮਾਜ ਦਾ ਕਲਿਆਣ ਕਰੋ।

ਲੇਖਿਕਾ : (ਮੁਸਕਰਾਕੇ) ਜਦੋਂ ਸਾਰੇ ਦੋਸਤ ਜ਼ੋਰ ਦੇਣ ਤਾਂ ਭਲਾ ਮੈਨੂੰ ਕੀ ਉਜਰ? ਪਰ ਸਮੇਂ ਦੀ ਘਾਟ ਕਰਕੇ ਮੈਂ ਆਪ ਨੂੰ ਕੋਈ ਕਹਾਣੀ ਤਾਂ ਨਹੀਂ ਸੁਣਾ ਸਕਦੀ, ਪਰ ਤੁਹਾਡਾ ਮਾਣ-ਤਾਣ ਰੱਖਣ ਲਈ ਮੈਂ ਆਪਣੀ ਇਕ ਮਸ਼ਹੂਰ ਨਜ਼ਮ ਤੁਹਾਡੇ ਸਨਮੁੱਖ ਜ਼ਰੂਰ ਪ੍ਰਸਤੁਤ ਕਰਾਂਗੀ

ਨਜ਼ਮ : ਔਰਤ ਨੇ ਜਨਮ ਦੀਆਂ ਮਰਦੋਂ ਕੋ... ਮਰਦੋਂ ਨੇ ਉਸੇ ਬਾਜ਼ਾਰ ਦੀਆ... (ਭਰਵੀਂ ਦਾਦ ਮਿਲਦੀ ਹੈ ਲੇਖਿਕਾ ਹੱਥ ਜੋੜਦੀ ਹੋਈ ਆਪਣੀ ਜਗ੍ਹਾ ਤੇ



ਚਲੀ ਜਾਂਦੀ ਹੈ। ਕੁਝ ਜਣੇ ਭਾਵੁਕ ਵੀ ਹੋ ਜਾਂਦੇ ਹਨ।)

ਸਕੱਤਰ : (ਰੁਮਾਲ ਨਾਲ ਅੱਖਾਂ ਸਾਫ ਕਰਕੇ) ਮੁਆਫ ਕਰਨਾ ਮੈਂ ਇਸ ਗੀਤ ਦੀ ਗੰਭੀਰਤਾ 'ਚ ਏਨੀ ਗੁਆਚ ਗੀ ਸੀ ਕਿ ਖ਼ੈਰ! ਹੁਣ ਮੈਂ ਅਧਿਆਪਕ ਸਾਹਿਬਾਂ ਨੂੰ ਨਿਵੇਦਨ ਕਰਦੀ ਹਾਂ ਕਿ ਉਹ ਮੰਚ ਤੇ ਆਉਣ ਤੇ ਆਪਣੇ ਵਿਚਾਰਾਂ ਨਾਲ ਸਭਨਾਂ ਦੇ ਦਿਮਾਗ ਰੌਸ਼ਨ ਕਰਨ।

(ਤਾੜੀਆਂ। 'ਅਧਿਆਪਕਾ ਜ਼ਿੰਦਾਬਾਦ' ਦੇ ਕੁਝ ਨਾਅਰੇ ਵੀ ਲੱਗਦੇ ਹਨ। ਅਧਿਆਪਕਾ ਸੀਨਾ ਤਾਣਕੇ ਮੰਚ ਤੇ ਪਧਾਰਦੀ ਹੈ।)

ਅਧਿਆਪਕਾ : ਪਿਆਰੀ ਸਾਧ ਸੰਗਤ ਜੀ! ਮੈਨੂੰ ਅੱਜ ਦੀ ਮਹਾਂ-ਸਭਾ ਵਿੱਚ ਸ਼ਰੀਕ ਹੋਣ ਤੋਂ ਪਹਿਲਾਂ ਜਿੰਨੀ ਪ੍ਰਸੰਨਤਾ ਹੋਈ ਸੀ, ਓਨੀ ਹੀ ਇਹ ਸਭਾ ਅਟੈਂਡ ਕਰਕੇ ਅਫਸੋਸ ਪ੍ਰਗਟ ਹੋ ਰਿਹਾ ਹੈ।

(ਸਾਰੇ ਜਣੇ, ਸਮੇਤ ਪ੍ਰਧਾਨ ਤੇ ਸਕੱਤਰਾਂ ਦੇ ਉਸ ਵੱਲ ਅਜੀਬ ਤਰ੍ਹਾਂ ਝਾਕਦੇ ਹਨ।)

ਦਰਅਸਲ ਪ੍ਰਧਾਨ ਜੀ ਤੇ ਸਕੱਤਰ ਸਾਹਿਬਾਂ ਨੇ ਇਸ ਮਹਾਂ ਸਭਾ ਵਿੱਚ ਹਰੀਆਂ ਭਰੀਆਂ ਔਰਤਾਂ ਨੂੰ ਨਹੀਂ ਬੁਲਾਇਆ, ਬਲਕਿ ਬਾਂਝ ਤੇ ਫੰਡਰ ਜਨਾਨੀਆਂ ਨੂੰ ਸੱਦ ਬੁਲਾਇਐ। ਏਜੰਡੇ ਮੁਤਾਬਿਕ ਜਿਥੇ ਔਰਤ ਦੀਆਂ ਮੁਸ਼ਕਿਲਾਂ ਦੇ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ ਹੋਣੀ ਸੀ, ਉਥੇ ਇਸ ਬਾਰੇ ਕੁਝ ਫੌਰੀ ਤੇ ਕੁਝ ਹਕੀਕੀ ਕਦਮ ਉਠੌਣ ਬਾਰੇ ਵੀ ਲਿਖਿਆ ਗਿਆ ਸੀ, ਪਰ ਹਾਜ਼ਰ ਪ੍ਰਤੀਨਿਧੀਆਂ ਦੇ ਵਿਚਾਰ ਸੁਨਣ ਤੋਂ ਬਾਅਦ ਮੈਂ ਇਸ ਸਿੱਟੇ ਤੇ ਅੱਪੜੀ ਆਂ ਕਿ ਇਸ ਨੂੰ ਔਰਤ ਮਹਾਂ ਸਭਾ ਦਾ ਨਾਉਂ ਦੇਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ, ਬਲਕਿ ਇਸ ਨੂੰ ਭੇਡਾਂ ਦਾ ਵਾੜਾ ਕਹਿਣਾ ਸਹੀ ਗੱਲ ਹੋਵੇਗੀ।

ਮੈਡਮ : ਅਧਿਆਪਕ ਸਾਹਿਬ ! ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਅਜਿਹੇ ਘਟੀਆ ਤੇ ਘਿਨਾਉਣੇ ਵਿਚਾਰਾਂ ਦੇ ਮਾਲਿਕ ਹੋਵੋਗੇ?

ਲੇਖਿਕਾ : ਤੁਸੀਂ ਵਿਦਿਆਰਥੀਆਂ ਨੂੰ ਭਲਾ ਕੀ ਸਿੱਖਿਆ ਦਿੰਦੇ ਹੋਵੋਗੇ, ਜਦੋਂ ਕਿ ਤੁਹਾਡੇ ਵਿਚਾਰ ਏਥੋਂ ਤੱਕ ਨੀਚ ਨੇ।

ਨਾਇਕਾ : ਤੁਹਾਨੂੰ ਦੋਨਾਂ ਨੂੰ ਕਿਉਂ ਮਿਰਚਾਂ ਲੱਗੀਆਂ ਨੇ, ਅਧਿਆਪਕਾ ਸਾਹਿਬਾਂ ਨੇ ਹੰਡਰਡ ਪਰਸੈਂਟ ਵੰਨ ਸੱਚੀ ਗੱਲ ਈ ਤਾਂ ਆਖੀ ਐ?

ਮੈਡਮ : ਤੂੰ ਚੁੱਪ ਕਰ ਨੀ ਦੋ ਟਕੇ ਦੀ ਨਾਇਕਾ! ਤੇਰੇ ਸਾਰੇ ਕੰਜਰਖਾਨੇ ਨੂੰ ਵੀ ਮੈਂ ਚੰਗੀ ਤਰ੍ਹਾਂ ਜਾਣਦੀ ਆਂ।

ਨਾਇਕਾ : ਤੇ ਤੈਨੂੰ ਕੀ ਮੈਂ ਜਾਣਦੀ ਨੀ, ਸਭ ਜਾਣਦੀ ਆਂ ਕਿ ਤੈਨੂੰ ਪ੍ਰਸ਼ਾਸਨਿਕ ਢਾਂਚੇ 'ਚ ਮੈਡਮ ਦਾ ਰੁੱਤਬਾ ਕਿਵੇਂ ਹਾਸਿਲ ਹੋਇਐ?

ਪ੍ਰਧਾਨ : ਖਾਮੋਸ਼ ! ਮੈਂ ਤੁਹਾਨੂੰ ਏਥੇ ਇਕ ਦੂਜੇ ਤੇ ਚਿੱਕੜ ਉਛਾਲਣ ਲਈ ਨਹੀਂ ਬੁਲਾਇਆ, ਬਲਕਿ ਔਰਤ ਦੀਆਂ ਪ੍ਰੋਬਲਮਜ਼ ਤੇ ਵਿਚਾਰ ਕਰਨ ਲਈ

ਆਮੰਤਰਿਤ ਕੀਤੈ, ਪਰ ਤੁਸੀਂ? ਜੋ ਹੁਣ ਅਜਿਹੀ ਐਟਮੌਸਫੀਅਰ ਕਿਰੀਏਟ ਹੋਇਆ ਤਾਂ ਮੈਂ ਕੋਈ ਸਖਤ ਐਕਸ਼ਨ ਲੈਣ ਤੇ ਮਜਬੂਰ ਹੋਵਾਂਗੀ। ਯੂ. ਅੰਡਰ ਸਟੈਂਡ ਵੂਮਿਨਜ਼?

ਸਕੱਤਰ : ਹਾਂ ਤਾਂ ਅਧਿਆਪਕਾ ਜੀ ਤੁਸੀਂ ਆਪਣਾ ਲੈਕਚਰ ਜਾਰੀ ਰੱਖੋ।

ਅਧਿਆਪਕਾ : ਮੈਂ ਸੈਂਕੜੇ ਮੀਟਿੰਗਾਂ ਅਟੈਂਡ ਕੀਤੀਆਂ ਨੇ, ਪਰ ਅਜਿਹਾ ਕੰਜਰਖਾਨਾ ਕਿਤੇ ਨਹੀਂ ਦੇਖਿਆ। ਜਦੋਂ ਤੁਸੀਂ ਔਰਤਾਂ ਆਪਣਾ ਕਿਰਦਾਰ ਹੀ ਉਚਾ ਨਹੀਂ ਕਰ ਸਕਦੀਆਂ ਤਾਂ ਹੋਰ ਕੀ ਸੁਆਹ ਲਟਾਂਵੋਗੀਆਂ? ਸਾਡੇ ਔਰਤ ਵਿਧਾਨ ਵਿਚ ਕਰੈਕਟਰ ਨੂੰ ਹੀ ਸਭ ਤੋਂ ਉਤਮ ਵਸਤੂ ਮੰਨਿਆ ਗਿਐ। ਸੁਪਰੀਮ ਪਾਵਰ। ਇਸ ਲਈ ਮੇਰੀ ਜ਼ੋਰਦਾਰ ਅਪੀਲ ਹੈ, ਕਿ ਆਪਾਂ ਨੂੰ ਮਰਦਾਂ ਦਾ ਸੋਸ਼ਲੀ ਬਾਈਕਾਟ ਕਰਨਾ ਹੋਵੇਗਾ ਤੇ ਆਪਣਾ ਅਲੱਗ ਵਿਧਾਨ ਤੇ ਅਲੱਗ ਨਿਸ਼ਾਨ ਬਣਾਉਣਾ ਹੋਵੇਗਾ। ਇਸੇ ਵਿੱਚ ਆਪਣੀ ਬੇਹਤਰੀ ਐ, ਔਰਤ ਸਮਾਜ ਦੀ ਬੇਹਤਰੀ ਐ, ਕਿਉਂਕਿ ਜਿਥੇ ਮਰਦ ਆਪਣੀਆਂ ਇਛਾਵਾਂ ਤੇ ਆਪਣੇ ਵਿਅਕਤੀਤਵ ਤੇ ਹਮੇਸ਼ਾਂ ਭਾਰੂ ਰਿਹਾ ਹੈ ਉਥੇ ਉਸ ਨੇ ਸਾਡੇ ਕਰੈਕਟਰ ਨੂੰ ਵੀ ਤਬਾਹ ਕਰਨ ਵਿੱਚ ਆਪਣਾ ਵੱਡਾ ਹਿੱਸਾ ਪਾਇਆ ਹੈ। ਇਸੇ ਲਈ ਮੈਂ ਇਸ ਨਤੀਜੇ ਤੇ ਅੱਪੜੀ ਆਂ ਕਿ ਆਪਾਂ ਨੂੰ ਮਰਦ ਸਮਾਜ ਦਾ ਸੋਸ਼ਲੀ ਬਾਈਕਾਟ ਕਰਕੇ ਆਪਣਾ ਇਕ ਅਲੱਗ ਔਰਤ ਹੋਮਲੈਂਡ ਜਾਂ ਔਰਤਸਤਾਨ ਬਣਾਉਣਾ ਹੋਏਗਾ ਜਿੱਥੇ ਕਿ ਔਰਤ ਕੌਮ ਪੂਰਣ ਆਜ਼ਾਦੀ ਦੀ ਸਾਹ ਲੈ ਸਕੇ।

(‘ਔਰਤ ਹੋਮ ਲੈਂਡ’ ਤੇ ‘ਔਰਤਸਤਾਨ ਜ਼ਿੰਦਾਬਾਦ’ ਦੇ ਕਈ ਭਰਵੇਂ ਨਾਅਰੇ ਲੱਗਦੇ ਹਨ ਤੇ ਅਧਿਆਪਕਾ ਜਿਵੇਂ ਛਾਤੀ ਤਾਣ ਕੇ ਮੰਚ ਤੇ ਆਈ ਸੀ ਉਵੇਂ ਹੀ ਆਪਣੀ ਜਗ੍ਹਾ ਤੇ ਚਲੀ ਜਾਂਦੀ ਹੈ।)

ਪ੍ਰਧਾਨ : ਹਾਜ਼ਰੀਨ! ਮੈਂ ਬੇਸ਼ਕ ਅਧਿਆਪਕ ਸਾਹਿਬਾਂ ਦੇ ਵਿਚਾਰਾਂ ਨਾਲ ਕੁਝ ਹੱਦ ਤੱਕ ਸਹਿਮਤ ਹੋਵਾਂ ਪਰ ਏਥੇ ਇਹ ਯਾਦ ਦਿਵਾ ਦੇਣਾ ਅਤਿ-ਜ਼ਰੂਰੀ ਹੋਵੇਗਾ ਕਿ ਅੱਜ ਦਾ ਏਜੰਡਾ ਔਰਤਾਂ ਦੀਆਂ ਮੁਸ਼ਕਿਲਾਂ ਬਾਰੇ ਹੈ। ਇਸ ਲਈ ਮੈਂ ਦੁਬਾਰਾ ਹਿਦਾਇਤ ਕਰਨੀ ਚਾਹੁੰਦੀ ਹਾਂ..... ਕਿ ਔਰਤਸਤਾਨ ਦਾ ਮੁੱਦਾ ਇਸ ਮੀਟਿੰਗ ਦੀ ਕਾਰਵਾਈ ਵਿੱਚ ਹਰਗਿਜ਼ ਵੀ ਸ਼ਾਮਿਲ ਨਹੀਂ ਕੀਤਾ ਜਾਵੇਗਾ।

(ਸਕੱਤਰ ਨੂੰ ਇਸ਼ਾਰਾ)

ਸਕੱਤਰ : ਸਾਥਣੋ! ਪ੍ਰਧਾਨ ਜੀ ਨੇ ਦਰੁਸਤ ਫਰਮਾਇਐ, ਕਿਉਂਕਿ ਆਪਾਂ ਨੂੰ ਕੁਝ ਸੰਵਿਧਾਨ ਨੁਕਤਿਆਂ ਦਾ ਧਿਆਨ ਰੱਖਣਾ ਹੋਵੇਗਾ। (ਬਦਲਕੇ) ਖ਼ੈਰ! ਹੁਣ ਮੈਂ ਮਿਸ ਨਾਇਕਾ ਜੀ ਨੂੰ ਹੱਥ ਜੋੜਕੇ ਰਿਕੁਐਸਟ ਕਰਦੀ ਆਂ ਕਿ ਉਹ ਮੰਚ ਤੇ ਤਸ਼ਰੀਫ ਲਿਆਉਣ ਤੇ ਆਪਣੀ ਕਲਾ ਦੇ ਜੌਹਰ ਵਿਖਾਉਣ।

(ਨਾਇਕਾ ਬਹੁਤ ਨਖ਼ਰੇ ਨਾਲ ਮੰਚ ਤੇ ਆਉਂਦੀ ਹੈ)



ਨਾਇਕਾ : ਦੁਨੀਆਂ ਦੇ ਮਹਾਨ ਕਲਾਕਾਰੋ! ਹੋਸ਼ ਮੇ ਆਓ, ਔਰ ਹੋਸ਼ ਮੇ ਆ ਕਰ ਥੋੜਾ ਜੋਸ਼ ਦਿਖਾਓ! ਚੂੰਕਿ ਹਰ ਕਿਸੇ ਮਰਦ ਦੇ ਪਿੱਛੇ ਕਿਸੇ ਔਰਤ ਦਾ ਹੱਥ ਰਿਹਾ ਹੈ, ਹਰ ਮਹਾਨ ਆਦਮੀ ਨੂੰ ਮਹਾਨਤਾ ਪ੍ਰਦਾਨ ਕਰਨ ਲਈ ਔਰਤ ਦਾ ਮਹਾਨ ਯੋਗਦਾਨ ਹੈ। ਕਿੰਨਾ ਨੰਗਾ ਸੱਚ ਹੈ ਇਹ। ਪਰ ਇਹ ਮਰਦ? ਆਪਣੇ ਆਪ ਨੂੰ ਖ਼ੁਦਾ ਤੋਂ ਘੱਟ ਨਹੀਂ ਸਮਝਦਾ। ਔਰਤ ਉਸ ਦੇ ਕਿੰਨੇ ਮਰਜ਼ੀ ਕੰਮ ਕਿਉਂ ਨਾ ਆਵੇ, ਉਸ ਨੂੰ ਕਿੰਨਾ ਵੀ ਖੁਸ਼ ਕਰਨ ਦੀ ਕੋਸ਼ਿਸ਼ ਕਿਉਂ ਨਾ ਕਰੇ, ਪਰ ਮਰਦ?

ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਏਗਾ ਤੇ ਆਪਣੀ ਚੌਧਰ ਜਮਾਉਂਦਾ ਰਹੇਗਾ। ਅਜਿਹੇ ਮਰਦ-ਮਾਈ ਫੁੱਟ! ਅਜਿਹੇ ਪੰਜਾਹਾਂ ਮਰਦਾਂ ਨੂੰ ਤਾਂ ਮੈਂ ਹਰ ਰੋਜ਼...

ਲੇਖਿਕਾ : ਨਾਇਕਾ ਜੀ! ਤੁਸੀਂ ਪਹਿਲਾਂ ਕੀ ਕਿਹਾ ਸੀ? ਇਹੀ ਨਾ ਕਿ ਜੋਸ਼ ਦੀ ਜਗ੍ਹਾ ਹੋਸ਼ ਵੀ ਜ਼ਰੂਰੀ ਏ, ਪਰ ਤੁਸੀਂ? ਦੱਸੋ... ਫੇਰ ਭਲਾ ਆਪਾਂ ਔਰਤਾਂ ਤੇ ਮਰਦਾਂ ਵਿਚਕਾਰ ਫਰਕ ਈ ਕੀ ਰਹਿ ਗਿਆ?

ਸੇਵਿਕਾ : ਹਾਂ ਮੈਂ ਲੇਖਿਕਾ ਜੀ ਦੀ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਆਂ ਕਿਉਂਕਿ ਆਪਾਂ ਨੇ ਮਰਦਾਂ ਵਾਂਗ ਧੌਂਸ ਤੇ ਹੈਂਕੜ ਤੋਂ ਕੰਮ ਨਹੀਂ ਲੈਣਾ, ਬਲਕਿ ਸਹਿਣਸ਼ੀਲਤਾ ਨਾਲ ਤੇ ਸ਼ਾਂਤੀ ਪੂਰਵਕ ਢੰਗ ਤਰੀਕੇ ਨਾਲ ਆਪਣੀਆਂ ਮੁਸ਼ਕਲਾਂ ਦਾ ਸਮਾਧਾਨ ਢੂੰਡਣਾ ਹੈ।

ਅਧਿਆਪਕਾ : ਕਿਉਂ? ਨਾਇਕਾ ਜੀ ਦੇ ਵਿਚਾਰ ਤੁਹਾਨੂੰ ਬਹੁਤ ਚੁੱਭਦੇ ਨੇ? ਜਿਸ ਸਹਿਣਸ਼ੀਲਤਾ ਤੇ ਸ਼ਾਂਤੀ ਦੀ ਤੁਸੀਂ ਦੁਹਾਈ ਪਾ ਰਹੀਆਂ ਓ ਉਸੇ ਕਰਕੇ ਤਾਂ ਹਾਲੇ ਤੀਕਰ ਜ਼ੁਲਮਾਂ ਤੋਂ ਛੁਟਕਾਰਾ ਨਹੀਂ ਪਾ ਸਕੀਆਂ। ਜਦੋਂ ਪਾਣੀ ਸਿਰ ਥਾਣੀ ਲੰਘ ਗਿਆ ਤਾਂ ਫੇਰ ਰੋਣਾ ਅੱਖਾਂ ’ਚ ਘਸੁੰਨ ਦੇ ਕੇ?

ਮੈਡਮ : ਅਧਿਆਪਕਾ! ਤੂੰ ਆਪਣੇ ਖਾੜਕੂ ਇਰਾਦੇ ਆਪਣੇ ਕੋਲ ਸਾਂਭ ਕੇ ਰੱਖ। ਅਸੀਂ ਮਰਦ ਸਮਾਜ ਤੋਂ ਡਰਦੀਆਂ ਨਹੀਂ, ਬਲਕਿ ਉਹਨ ਦਾ ਡੱਟ ਕੇ ਮੁਕਾਬਲਾ ਕਰਾਂਗੀਆਂ, ਪਰ ਉਹਨਾਂ ਦਾ ਬਾਈਕਾਟ? ਕਦਾਚਿਤ ਵੀ ਠੀਕ ਨਹੀਂ।

ਪ੍ਰਧਾਨ : ਬਿਲਕੁਲ ਦਰੁਸਤ ਫਰਮਾਇਆ ਮੈਡਮ ਜੀ! ਵਿਚਾਰਾਂ ਦਾ ਟਕਰਾਓ ਹੋ ਸਕਦਾ ਹੈ, ਅਸੀਂ ਜ਼ੁਲਮ ਦੀਆਂ ਸ਼ਿਕਾਰ ਵੀ ਹੋ ਸਕਦੀਆਂ ਹਾਂ, ਪਰ ਇਸ ਦਾ ਮਤਲਬ ਇਹ ਤਾਂ ਕਦਾਚਿਤ ਨਹੀਂ ਕਿ ਅਸੀਂ ਮੈਦਾਨੇ ਜੰਗ ’ਚੋਂ ਨੱਸ ਜਾਈਏ? ਪਿੱਠਾਂ ਵਿਖਾ ਜਾਈਏ?

ਅਧਿਆਪਕਾ : ਪ੍ਰਧਾਨ ਜੀ ਮੇਰਾ ਇਹ ਇਰਾਦਾ ਬਿਲਕੁਲ ਨਹੀਂ ਸੀ, ਮੈਂ ਤਾਂ ਸਿਰਫ ਇਹੀਓ ਕਹਿਣਾ ਚਾਹੁੰਦੀ ਸੀ ਕਿ ਆਪਾਂ ਨੂੰ ਜਬਰ ਤੇ ਜ਼ੁਲਮ ਤੋਂ ਛੁਟਕਾਰਾ ਕਿਸ ਤਰ੍ਹਾਂ ਮਿਲ ਸਕਦੈ।

ਮੈਡਮ : ਫੇਰ ਇਸ ਤਰ੍ਹਾਂ ਬੋਲੋ ਨਾ ਮੈਡਮ?

ਅਧਿਆਪਕਾ : (ਗੁੱਸੇ 'ਚ) ਯੂ ਸ਼ੱਟ ਅੱਪ!... ਮੈਡਮ ਦਾ ਰੁੱਤਬਾ ਤੈਨੂੰ ਈ ਮੁਬਾਰਕ ਹੋਵੇ!

ਪ੍ਰਧਾਨ : ਖਾਮੋਸ਼!

(ਨਾਇਕਾ ਨੂੰ) ਤੁਸੀਂ ਆਪਣਾ ਅਭਿਨਯ ਜਾਰੀ ਰੱਖੋ ਨਾਇਕਾ ਜੀ।

ਨਾਇਕਾ : ਸੱਚੀਂ ਬਹੁਤ ਤਕਲੀਫ ਹੁੰਦੀ ਏ, ਜਦੋਂ ਆਪਣੀ ਬਿਰਾਦਰੀ ਈ ਆਪਸ 'ਚ ਟਕਰਾਉਣ ਦੀ ਨੀਤੀ ਤੇ ਆ ਜਾਵੇ। ਆਪਾਂ ਨੂੰ ਸਮਾਜ ਸੁਧਾਰ, ਬਲਕਿ ਸਿੱਧੇ ਲਫਜ਼ਾਂ 'ਚ ਔਰਤ ਜਾਤੀ ਤੇ ਅਤਿਆਚਾਰਾਂ ਤੇ ਘਟੀਆ ਰਾਜਨੀਤੀ ਵਿਰੁੱਧ ਬਗਾਵਤ ਕਰਨੀ ਹੀ ਹੋਵੇਗੀ।

ਸੇਵਿਕਾ : ਇਹ ਕੰਮ ਸਾਡੇ ਸਿਰ ਛੱਡ ਰੱਖੋ ਮਿਸ ਨਾਇਕਾ ਜੀ! ਤੁਸੀਂ ਸਮਾਜ ਸੁਧਾਰ, ਔਰਤ ਕਲਿਆਣ ਤੇ ਰਾਜਨੀਤੀ ਤੋਂ ਭਲਾ ਕੀ ਲੈਣਾ ਦੇਣਾ ਹੋਇਆ? ਪੈਸਾ ਹੈ, ਸ਼ੋਹਰਤ ਹੈ ਐਸ਼ ਕਰੋ।

ਅਧਿਆਪਕਾ : ਸ੍ਰੀਮਤੀ ਸੇਵਿਕਾ! ਤੁਹਾਨੂੰ ਇਸ ਵਿੱਚ ਦਖਲ ਅੰਦਾਜ਼ੀ ਕਰਨ ਦਾ ਕੋਈ ਹੱਕ ਨਹੀਂ।

ਲੇਖਿਕਾ : ਹੱਕ ਹੈ! ਹੱਕ ਭੀਖ ਨਹੀਂ ਹੁੰਦਾ, ਹੱਕ-ਹੱਕ ਹੁੰਦਾ ਏ ਤੇ ਹੱਕ ਜੇ ਕੋਈ ਪਿਆਰ ਮੁਹੱਬਤ ਨਾਲ ਨਾ ਦੇਵੇ ਤਾਂ ਹੱਕ ਖੋਹ ਲਏ ਜਾਂਦੇ ਨੇ।

ਸੇਵਿਕਾ : ਹੱਕ ਜਿਹਨਾਂ ਦੇ ਆਪਣੇ ਉਹ ਆਪੇ ਲੈਣਗੇ ਖੋਹ..... ਉਹ ਆਪੇ ਲੈਣਗੇ ਖੋਹ!...

ਸਕੱਤਰ : ਖੂਬ! ਬਹੁਤ ਖੂਬ!!

(ਨਾਇਕ ਨੂੰ) ਹੁਣ ਤੁਸੀਂ ਵੀ ਨਾਇਕਾ ਜੀ ਆਪਣੇ ਹੱਕ ਦੀ ਗੱਲ ਕਰੋ ਤੇ ਰਾਹ ਪਵੋ। ਤੁਹਾਡਾ ਕੰਮ ਏ ਅਭਿਨਯ ਮੀਨਜ਼ ਐਕਟਿੰਗ। ਕੋਈ ਡਾਇਲਾਗ ਵਗੈਰਾ ਸੁਣਾਓ ਤੇ...

ਅਧਿਆਪਕਾ : ਇਹ ਕਿਸੇ ਪ੍ਰਤੀਨਿਧੀ ਨਾਲ ਸਰਾਸਰ ਧੱਕਾ ਏ ਪ੍ਰਧਾਨ ਜੀ!

ਪ੍ਰਧਾਨ : ਨਹੀਂ ਬਈ ਨਹੀਂ। ਇਸ ਮਹਾਂ ਸਭਾ ਵਿੱਚ ਹਰ ਕਿਸੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਹੈ, ਇਸ ਲਈ ਨਾਇਕਾ ਜੀ ਤੁਸੀਂ ਆਪਣਾ ਨਾਇਕਾ ਦਾ ਇਮੇਜ ਕਾਇਮ ਰੱਖੋ।

ਨਾਇਕਾ : (ਮੁਸਕਰਾਕੇ) ਥੈਂਕਯੂ ਮਿਸਿਜ਼ ਪ੍ਰਧਾਨ!... ਦਰਅਸਲ ਮੇਰਾ ਵੀ ਕੋਈ ਐਸਾ ਇਰਾਦਾ ਨਹੀਂ ਸੀ ਕਿ ਸਮਾਜ ਸੁਧਾਰ ਤੇ ਰਾਜਨੀਤੀ ਦਾ ਠੇਕਾ ਲਵਾਂ ਪਰ ਖਰਬੂਜਾ... ਜਾਣਦੇ ਹੋ ਖਰਬੂਜਾ... ਜੀ ਹਾਂ ਖਰਬੂਜਾ... ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਪਕੜ ਈ ਲੈਂਦਾ ਏ। ਹੈ ਨਾ?

(ਸਾਰੇ ਹੱਸਦੇ ਹਨ ਤੇ ਮਾਹੌਲ ਕੁਝ ਸੁਖਾਵਾਂ ਹੁੰਦਾ ਹੈ।)

ਤੁਹਾਡੇ ਖੁਸ਼ ਚੇਹਰਿਆਂ ਨੂੰ ਵੇਖ ਕੇ ਮੈਨੂੰ ਇਕ ਹਿੱਟ ਫਿਲਮ ਦਾ ਹਿੱਟ ਸਾਂਗ ਯਾਦ ਆਉਂਦਾ ਏ, ਜੇ ਪ੍ਰਧਾਨ ਜੀ ਦੀ ਆਗਿਆ ਹੋਵੇ ਤਾਂ ਸੁਣਾਵਾਂ?

ਪ੍ਰਧਾਨ : (ਪ੍ਰਸੰਨ ਚਿੱਤ) ਆਗਿਆ ਹੈ

ਨਾਇਕ : ਲੀਜੀਏ ਸੁਣੀਏ... "ਮੈਂ ਤੇਰੀ ਦੁਸ਼ਮਣ ਦੁਸ਼ਮਣ ਤੂੰ ਮੇਰਾ ਮੈਂ ਨਾਗਿਨ ਤੂੰ



ਸਪੇਰਾ...

(ਗੀਤ ਹਾਲਾਂ ਪੂਰਾ ਵੀ ਨਹੀਂ ਹੁੰਦਾ ਕਿ ਪਰਦੇ ਪਿੱਛੇ ਔਰਤਾਂ ਦੇ ਕਦੇ ਹੱਸਣ, ਕਦੇ ਰੋਣ, ਕਦੇ ਸਿਆਪਾ ਕਰਨ, ਕਦੇ ਚੀਕਣ ਤੇ ਕਦੇ ਲੜਣ ਦੀਆਂ ਰਲਵੀਆਂ ਮਿਲਵੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਸਾਰੇ ਜਣੇ ਹੈਰਾਨ ਹੋਏ ਏਧਰ ਓਧਰ ਝਾਕਦੇ ਹਨ। ਮਿੰਟ ਡੇਢ ਮਿੰਟ ਬਾਅਦ ਆਵਾਜ਼ਾਂ ਬੰਦ ਹੁੰਦੀਆਂ ਹਨ।)

ਪ੍ਰਧਾਨ : ਇਹ ਕਿਸ ਕਿਸ ਦੀਆਂ ਆਵਾਜ਼ਾਂ ਨੇ। ਮੈਨੂੰ ਤਾਂ ਇਸ ਤਰ੍ਹਾਂ ਲੱਗਿਆ ਜਿਵੇਂ ਇਹ ਖੁਦ ਆਪਣੀਆਂ ਈ ਆਵਾਜ਼ਾਂ ਹੋਣ।..... ਕਿੰਨਾ ਅਜੀਬ ਜਿਹਾ ਲੱਗਦੈ : ਆਪਣੀਆਂ ਆਵਾਜ਼ਾਂ।

ਸਾਰੇ ਜਣੇ : ਆਪਣੀਆਂ ਆਵਾਜ਼ਾਂ!

(ਸਾਰੇ ਜਣੇ ਹੈਰਾਨ -ਪ੍ਰੇਸ਼ਾਨ ਹੋ ਕੇ ਏਧਰ ਓਧਰ ਝਾਕਦੇ ਹਨ। ਆਪਣੀਆਂ ਆਵਾਜ਼ਾਂ 'ਤੇ 'ਆਪਣੀਆਂ ਆਵਾਜ਼ਾਂ' ਨਾਲ ਸਾਰਾ ਵਾਤਾਵਰਨ ਗੂੰਜ ਉਠਦਾ ਹੈ। ਇਹ ਕਾਰਜ ਕੋਈ ਡੇਢ ਮਿੰਟ ਤੱਕ ਚੱਲਦਾ ਹੈ ਤੇ ਵਾਤਾਵਰਣ ਸ਼ਾਂਤ ਹੋ ਜਾਂਦਾ ਹੈ।)

(ਦੋ ਔਰਤਾਂ ਗਾਉਂਦੀਆਂ ਹੋਇਆਂ ਮੰਚ ਤੇ ਪ੍ਰਵੇਸ਼ ਕਰਦੀਆਂ ਹਨ। ਇਹਨਾਂ ਦੇ ਵਾਲ ਖੁੱਲ੍ਹੇ ਹਨ ਤੇ ਬਸਤਰ ਵੀ ਅਜੀਬ ਕਿਸਮ ਦਾ ਪਾ ਰੱਖੇ ਹਨ।)

ਔਰਤ : ਆਵਾਜ਼ ਦੋ... ਹਮ ਏਕ ਹੈ ਆਵਾਜ਼ ਦੋ... ਹਮ ਏਕ ਹੈ...

ਪ੍ਰਧਾਨ : ਇਹ ਕੀ ਬਕਵਾਸ ਏ? ਤੁਸੀਂ ਕੌਣ ਓ? ਕਿੱਥੋਂ ਆਈਆਂ ਹੋ ਤੇ ਕੀ ਚਾਹੁੰਦੀਆਂ ਹੋ?

ਔਰਤਾਂ : (ਹੱਸਕੇ) ਅਸੀਂ ਕੌਣ ਹਾਂ ਕਿੱਥੋਂ ਆਈਆਂ ਹਾਂ ਤੇ ਕੀ ਚਾਹੁੰਦੀਆਂ ਹਾਂ? (ਠਾਹਕਾ ਮਾਰਕੇ ਹੱਸਦੀਆਂ ਹਨ।)

ਮੈਡਮ : ਇਸ ਤਰ੍ਹਾਂ ਵਾਹੀਆਤ ਠਹਾਕਾ ਲਗਾ ਕੇ ਤੁਸੀਂ ਇਸ ਔਰਤ ਮਹਾਂ ਸਭਾ ਦੀ ਤੌਹੀਨ ਕਰਨਾ ਚਾਹੁੰਦੀਆਂ ਹੋ?

ਸੇਵਿਕਾ : ਤੁਹਾਨੂੰ ਪ੍ਰਧਾਨ ਜੀ ਦੇ ਸਾਹਮਣੇ ਇਸ ਤਰ੍ਹਾਂ ਸੀਨੇ ਤਾਣਕੇ ਨਹੀਂ ਚਲਣਾ ਚਾਹੀਦਾ।

ਲੇਖਿਕਾ : ਹਾਂ ਤਾਂ ਪ੍ਰਧਾਨ ਜੀ ਦੇ ਸੁਆਲ ਦਾ ਜਵਾਬ ਦਿਓ, ਤਾਂਕਿ ਇਸ ਮਹਾਂ ਸਭਾ ਵਿੱਚ ਤੁਹਾਡੇ ਇਰਾਦਿਆਂ ਬਾਰੇ ਜਾਣਿਆ ਜਾ ਸਕੇ।

ਔਰਤ 1 : ਸਾਡੇ ਨੇਕ ਇਰਾਦੇ?

ਔਰਤ 2 : ਜੀ ਹਾਂ ਸਾਡੇ ਬਹੁਤ ਨੇਕ ਇਰਾਦੇ ਨੇ, ਇਸੇ ਲਈ ਤਾਂ ਇਸ ਔਰਤ ਮਹਾਂ ਸਭਾ ਵਿੱਚ ਆਪਣੀ ਫਰਿਆਦ ਲੈ ਕੇ ਆਈਆਂ ਹਾਂ।

ਪ੍ਰਧਾਨ : ਫਰਿਆਦ? ਕਿਉਂ ਇਹੋ ਜਿਹੀ ਕਿਹੜੀ ਬਿਪਤਾ ਆਣ ਪਈ ਐ ਤੁਹਾਡੇ ਤੇ?

ਸਕੱਤਰ : ਪ੍ਰਧਾਨ ਜੀ ਦੇ ਨੋਟਿਸ 'ਚ ਲਿਆਓ ਤਾਂ ਕਿ ਤੁਹਾਡੀ ਫਰਿਆਦ ਤੇ ਅਮਲ

ਕਰਦੇ ਹੋਏ ਉਸ ਦਾ ਕੋਈ ਸਮਾਧਾਨ ਢੂੰਡਿਆ ਜਾ ਸਕੇ।

ਲੇਖਿਕਾ : ਇਸ ਮਹਾਂ ਸਭਾ ਬੁਲਾਉਣ ਦਾ ਮਕਸਦ ਈ ਇਹੋ ਏ ਕਿ ਔਰਤ ਸਮਾਜ ਦੀਆਂ ਮੁਸ਼ਕਿਲਾਂ ਦਾ ਹੱਲ ਕੱਢਿਆ ਜਾ ਸਕੇ।

ਸੇਵਿਕਾ : ਪਰ ਸੰਵਿਧਾਨ ਦੇ ਘੇਰੇ ਵਿੱਚ ਮਹਿਦੂਦ ਰਹਿਕੇ।

ਅਧਿਆਪਕਾ : ਸੰਵਿਧਾਨ? ਫਿਰ ਉਹੀ ਸੰਵਿਧਾਨ ਦੀ ਦੁਹਾਈ? ਜੋ ਸੰਵਿਧਾਨ ਸਦੀਆਂ ਤੋਂ ਔਰਤ ਜਮਾਤ ਨੂੰ ਉਸ ਦੇ ਹੱਕ ਨਾ ਦਿਵਾ ਸਕਿਆ, ਉਸ ਸੰਵਿਧਾਨ ਤੇ ਵਿਸ਼ਵਾਸ ਕਰਨਾ ਆਪਣੇ ਆਪ ਨੂੰ ਧੋਖਾ ਦੇਣ ਬਰਾਬਰ ਹੈ।

ਨਾਇਕਾ : ਅਧਿਆਪਕਾ ਜੀ ਨੇ ਦਰੁਸਤ ਫਰਮਾਇਆ ਜਿਸ ਮਰਦ ਸੰਵਿਧਾਨ ਨੇ ਸਾਨੂੰ ਸਾਡੇ ਹੱਕਾਂ ਤੋਂ ਵਾਂਝਿਆਂ ਰੱਖਿਆ ਉਸ ਸੰਵਿਧਾਨ ਦੇ ਘੇਰੇ ਵਿੱਚ ਔਰਤ ਸਮੱਸਿਆਵਾਂ ਦਾ ਹੱਲ ਸਾਨੂੰ ਮਨਜੂਰ ਨਹੀਂ ਹੋਵੇਗਾ।

ਪ੍ਰਧਾਨ : ਖਾਮੋਸ਼!
(ਸਾਰੇ ਪਾਸੇ ਸਨਾਟਾ ਛਾ ਜਾਂਦਾ ਹੈ।)
ਤੁਹਾਨੂੰ ਕਿਸੇ ਨੂੰ ਵੀ ਇਸ ਮਹਾਂ ਸਭਾ ਦੇ ਰੂਲ ਐਂਡ ਰੈਜੂਲੇਸ਼ਨ ਦੀ ਉਲੰਘਣਾ ਕਰਨ ਦੀ ਆਗਿਆ ਹਰਗਿਜ਼ ਨਹੀਂ ਦਿੱਤੀ ਜਾ ਸਕਦੀ।
ਆਇੰਦਾ ਇਸ ਗੱਲ ਦਾ ਖਿਆਲ ਰਹੇ।

ਸਕੱਤਰ : ਪ੍ਰਧਾਨ ਜੀ ਦੇ ਹੁਕਮ ਦੀ ਇੰਨ ਬਿੰਨ ਪਾਲਣਾ ਹੋਣੀ ਚਾਹੀਦੀ ਐ, ਅਨਥਾਂ ਅਨੁਸ਼ਾਸਨੀ ਕਾਰਵਾਈ ਆਰੰਭੀ ਜਾ ਸਕਦੀ ਹੈ।

ਮੈਡਮ : ਅਜਿਹੇ ਇਤਰਾਜ਼ ਯੋਗ ਸ਼ਬਦ ਕਾਰਵਾਈ ਵਿੱਚੋਂ ਖਾਰਜ ਕਰ ਦਿੱਤੇ ਜਾਣੇ ਚਾਹੀਦੇ ਹਨ।

ਸੇਵਿਕਾ : ਮੈਂ ਮੈਡਮ ਜੀ ਦੇ ਸ਼ਬਦਾਂ ਦੀ ਤਾਈਦ ਕਰਦੀ ਹਾਂ।

ਪ੍ਰਧਾਨ : (ਔਰਤਾਂ ਨੂੰ) ਹਾਂ ਤਾਂ ਤੁਸੀਂ ਮੇਰੀਆਂ ਗੱਲਾਂ ਦਾ ਜਵਾਬ ਨਹੀਂ ਦਿੱਤਾ ਕਿ ਤੁਸੀਂ ਕੌਣ ਹੋ, ਕਿੱਥੋਂ ਆਈਆਂ ਹੋ ਤੇ ਕੀ ਚਾਹੁੰਦੀਆਂ ਹੋ?
(ਦੋਨੋਂ ਔਰਤਾਂ ਇਕ ਦੂਜੇ ਦੇ ਮੂੰਹ ਵੱਲ ਗੁੱਝੀ ਮੁਸਕਰਾਹਟ ਨਾਲ ਤੱਕਦੀਆਂ ਹਨ।)

ਔਰਤ 1 : ਅਸੀਂ ਕੌਣ ਹਾਂ?

ਔਰਤ 2 : ਤੇ ਕਿੱਥੋਂ ਆਈਆਂ ਹਾਂ?

ਔਰਤ 1 : ਤੇ ਕੀ ਚਾਹੁੰਦੀਆਂ ਹਾਂ?
(ਦੋਨੋ ਜਣੀਆਂ ਫਿਰ ਇੱਕ ਦੂਜੇ ਵੱਲ ਗੁੱਝੀ ਜਿਹੀ ਮੁਸਕਰਾਹਟ ਨਾਲ ਝਾਕਦੀਆਂ ਹਨ ਤੇ ਫਿਰ ਵੱਖੋ-ਵੱਖ ਮੁਦਰਾਵਾਂ 'ਚ ਅਭਿਨਯ ਕਰਦੀਆਂ ਹਨ।)

ਔਰਤ 1 : ਮੈਨੂੰ ਮਰਦ ਸਮਾਜ ਤੋਂ ਨਫਰਤ ਹੈ ਜਿਸ ਨੇ ਮੇਰੀ ਮਾਤਾ ਦੀ ਕੁੱਖ ਵਿੱਚ ਹੀ ਮੈਨੂੰ ਮਾਰ ਮੁਕਾਇਆ।

ਔਰਤ 2 : ਮੈਨੂੰ ਆਪਣੇ ਪਤੀ ਨਾਲ ਜ਼ਿੰਦਾ ਸੜਨ ਲਈ ਮਜਬੂਰ ਕੀਤਾ ਗਿਆ।



ਔਰਤ 1 : ਮੈਨੂੰ ਉਸ ਆਦਮੀ ਨਾਲ ਸਖਤ ਨਫ਼ਰਤ ਹੈ। ਜਿਸ ਨੇ ਮੈਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ।

ਔਰਤ 2 : ਮੈਨੂੰ ਨਫਰਤ ਹੈ – ਉਸ ਮਰਦ ਨਾਲ ਜਿਸ ਨੇ ਮੇਰੇ ਵਿਸ਼ਵਾਸ ਦਾ ਕਤਲ ਕੀਤਾ ਤੇ ਮੈਨੂੰ ਜਿਸਮ-ਫਰੋਸ਼ਾਂ ਦੀ ਮੰਡੀ 'ਚ ਨੀਲਾਮ ਕਰ ਦਿੱਤਾ।

ਔਰਤ 1 : ਮੈਨੂੰ ਨਫਰਤ ਹੈ ਆਪਣੇ ਉਸ ਬਾਪ ਨਾਲ ਜਿਸ ਮੈਨੂੰ ਇਸ ਲਈ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ ਕਿ ਔਰਤਾਂ ਲਈ ਪੜ੍ਹਨਾ ਜ਼ਰੂਰੀ ਨਹੀਂ।

ਔਰਤ 2 : ਮੈਨੂੰ ਨਫਰਤ ਹੈ ਆਪਣੇ ਉਸ ਭਰਾ ਨਾਲ ਜਿਸਨੇ ਮੇਰੇ ਇਸ ਲਈ ਹੰਟਰ ਮਾਰੇ ਕਿਉਂਕਿ ਮੈਂ ਆਪਣੀ ਪਸੰਦ ਨਾਲ ਵਿਆਹ ਰਚਾਇਆ ਸੀ।

ਔਰਤ 1 : ਦੇਖ ਰਹੇ ਹੋ ਮੇਰੇ ਜਿਸਮ ਤੇ ਲਾਸ਼ਾਂ ਦੇ ਨਿਸ਼ਾਨ!

ਔਰਤ 2 : ਇਹ ਲਾਸਾਂ ਨਹੀਂ..... ਲਾਸ਼ਾਂ ਹਨ...... ਲਾਸ਼ਾਂ!

ਔਰਤ 1 : ਅਸੀਂ ਲਾਸ਼ਾਂ ਹਾਂ!

ਔਰਤ 2 : ਨਿਰੀਆਂ ਲਾਸ਼ਾਂ!

ਔਰਤ 1 : ਇਹਨਾਂ ਲਾਸ਼ਾਂ ਦੇ ਢੇਰ ਵਿੱਚ ਅਸੀਂ ਭਲਾ ਕੀ ਕਰ ਸਕਦੀਆਂ ਹਾਂ?

ਔਰਤ 2 : ਕੁਝ ਨਹੀਂ, ਕੁਝ ਵੀ ਤਾਂ ਨਹੀਂ!
(ਉਦਾਸ ਹੋ ਜਾਂਦੀਆਂ ਹਨ ਤੇ ਸਿਰ ਸਿੱਟ ਲੈਂਦੀਆਂ ਹਨ।)

ਪ੍ਰਧਾਨ : (ਮੁਸਕਰਾਕੇ) ਨਹੀਂ! ਉਦਾਸ ਨਾ ਹੋਵੋ, ਨਿਰਾਸ਼ ਨਾ ਹੋਵੋ। ਤੁਸੀਂ ਲਾਸ਼ਾਂ ਨਹੀਂ, ਬਲਕਿ ਜੀਉਂਦੀਆਂ ਜਾਗਦੀਆਂ ਔਰਤਾਂ ਹੋ। ਤੁਹਾਨੂੰ ਵੀ ਸਾਡੇ ਸੰਘਰਸ਼ ਵਿੱਚ ਸ਼ਾਮਿਲ ਹੋਣਾ ਚਾਹੀਦੈ। ਕਿਉਂਕਿ ਸਾਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਅਸੀਂ ਸਾਰੀਆਂ ਜਣੀਆਂ ਤੁਹਾਡੇ ਨਾਲ ਹਾਂ। ਇਹ ਪੂਰੀ ਦੀ ਪੂਰੀ ਮਹਾਂ ਸਭਾ ਤੁਹਾਡੇ ਨਾਲ ਹੈ, ਏਸ ਲਈ ਹੌਂਸਲਾ ਰੱਖੋ, ਸਭ ਠੀਕ ਹੋ ਜਾਏਗਾ। ਇਕ ਨਵੇਂ ਔਰਤ ਸਮਾਜ ਦੀ ਜ਼ਰਾ ਕਲਪਨਾ ਤਾਂ ਕਰਕੇ ਦੇਖੋ?

ਔਰਤ 1 : ਕਲਪਨਾ?

ਔਰਤ 2 : ਕਿੰਨਾ ਚੰਗਾ ਤੇ ਪਿਆਰਾ ਨਾਂ ਏ : ਕਲਪਨਾ!

ਔਰਤ 1 : ਹਾਂ ਮੇਰੇ ਯਾਦ ਆਇਆ ਕਿ ਮੇਰੇ ਘਰਵਾਲਿਆਂ ਨੇ ਕਦੇ ਮੇਰਾ ਨਾਉਂ ਰੱਖਿਆ ਸੀ : ਕਲਪਨਾ!

ਔਰਤ 2 : ਹਾਂ ਮੇਰੇ ਯਾਦ ਆਇਆ ਕਿ ਮੇਰਾ ਵੀ ਕਲਪਨਾ ਨਾਮਕਰਨ ਕੀਤਾ ਗਿਆ ਸੀ।

ਔਰਤ 1 : ਕਲਪਨਾ ! ਕਿੰਨਾ ਪਿਆਰਾ ਤੇ ਚੰਗਾ ਨਾਂ ਏ ਕਲਪਨਾ!

ਔਰਤ 2 : ਹਾਂ ਕਲਪਨਾ! ਕਿੰਨਾ ਹੁਸੀਨ ਤੇ ਮਨ ਨੂੰ ਲੁਭਾਉਣ ਵਾਲਾ ਨਾਂ ਏ : ਕਲਪਨਾ!

ਮੈਡਮ : (ਰਤਾ ਉਕਤਾ ਕੇ) ਪ੍ਰਧਾਨ ਜੀ ਇਹਨਾਂ ਦਾ ਬੰਦ ਕਰਵਾਓ ਇਹ ਬਕਵਾਸ! ਕੀ ਕਲਪਨਾ ਕਲਪਨਾ ਲਾ ਰਖੀ ਐ ਇਹਨਾਂ ਨੇ?

ਲੇਖਿਕਾ : ਪਤਾ ਨਹੀਂ ਇਹ ਕਿਸ ਕਲਪਨਾ ਲੋਕ 'ਚ ਵਿਚਰ ਰਹੀਆਂ ਨੇ। ਜਿਵੇਂ ਕਦੇ

ਕਦੇ ਮੈਂ ਵੀ ਕਲਪਨਾ ਲੋਕ 'ਚ ਵਿਚਰਦੀ ਆ ਜਦੋਂ ਕਦੇ ਕਿਸੇ ਨਜ਼ਮ ਦਾ ਕੋਈ ਆਈਡੀਆ ਦਿਲ 'ਚ ਉਤਰਦੈ ਜਾਂ ਫੇਰ ਕਿਸੇ ਕਹਾਣੀ ਦਾ ਪਲਾਟ।

ਸੇਵਿਕਾ : ਕਲਪਨਾ ਸੰਸਾਰ ਦੀ ਸੇਵਾ ਨਿਭਾਉਂਦਿਆਂ ਹਾਏ! ਕਿੰਨਾ ਆਨੰਦ ਮਿਲਦਾ ਏ, ਨਿਰਾ ਸਕੂਨ!

ਅਧਿਆਪਿਕਾ : (ਗੁਸੈ ਨਾਲ) ਪ੍ਰਧਾਨ ਜੀ! ਇਹ ਔਰਤ ਮਹਾਂ ਸਭਾ ਏ ਜਾਂ ਕੋਈ ਭੰਡਾਂ ਦਾ ਰੰਗਮੰਚ?

ਨਾਇਕਾ : ਮੈਨੂੰ ਜਾਪਦੈ ਇਸ ਮਹਾਂ ਸਭਾ 'ਚ ਸਾਰੇ ਮਰਾਸੀ ਇਨਵਾਈਟ ਕੀਤੇ ਗਏ ਨੇ।

ਪ੍ਰਧਾਨ : ਖਾਮੋਸ਼!

(ਸਾਰੇ ਜਾਣੇ ਸੁਸਰੀ ਵਾਂਗ ਚੁੱਪ ਕਰ ਜਾਂਦੇ ਹਨ)

(ਔਰਤਾਂ ਨੂੰ) ਹਾਂ ਤਾਂ ਤੁਸੀਂ ਦੱਸੋ ਬਈ ਤੁਸੀਂ ਕੌਣ ਹੋ, ਕਿੱਥੋਂ ਆਈਆਂ ਹੋ ਤੇ ਕੀ ਚਾਹੁੰਦੀਆਂ ਹੋ?

(ਦੋਨੋ ਜਣੀਆਂ ਇਕ ਦੂਜੇ ਵੱਲ ਵੇਖਕੇ ਮੁਸਕਰਾਂਦੀਆਂ ਹਨ।)

ਦੋਨੋਂ : ਅਸੀਂ ਕੌਣ ਹਾਂ, ਕਿੱਥੋਂ ਆਈਆਂ ਹਾਂ ਤੇ ਕੀ ਚਾਹੁੰਦੀਆਂ ਹਾਂ?

ਔਰਤ 1 : ਸਮਾਜਿਕ ਆਜ਼ਾਦੀ।

ਔਰਤ 2 : ਆਰਥਿਕ ਬਰਾਬਰੀ!

ਔਰਤ 1 : ਮਰਦਾਂ ਤੋਂ ਛੁਟਕਾਰਾ!

ਔਰਤ 2 : ਏਕ ਅਲੱਗ ਦੇਸ਼ ਹੋ ਹਮਾਰਾ!

ਔਰਤ 1 : ਨਹੀਂ ਮਰਦੋਂ ਕੇ ਸਾਥ ਆਪਨਾ ਗੁਜ਼ਾਰਾ।

ਔਰਤ 2 : ਮਰਦਨ ਕੀ ਹਰ ਬਾਤ ਬੁਰੀ!

ਔਰਤ 1 : ਮੂੰਹ ਮੇ ਰਾਮ ਔਰ ਬਗਲ ਮੇ ਛੁਰੀ!

ਦੋਨੋਂ : (ਗਾਉਂਦੀਆਂ ਹਨ) ਯੇ ਮਰਦ ਬੜੇ ਬੇਦਰਦ...

ਪ੍ਰਧਾਨ : ਖਾਮੋਸ਼ !

(ਦੋਨੋਂ ਜਣੀਆਂ ਇਸ ਤਰ੍ਹਾਂ ਚੁੱਪ ਕਰ ਜਾਂਦੀਆਂ ਹਨ ਤੇ ਮੂੰਹਾਂ ਤੇ ਉਂਗਲਾਂ ਰੱਖ ਲੈਂਦੀਆਂ ਹਨ, ਜਿਸ ਤਰ੍ਹਾਂ ਕੁਝ ਹੋਇਆ ਹੀ ਨਾ ਹੋਵੇ।)

ਦੋਨੋਂ ਔਰਤਾਂ : (ਕੰਨ ਪਕੜਕੇ) ਕੀ ਸਰਕਾਰ ਸਾਥੋਂ ਕੋਈ ਗਲਤੀ ਹੋ ਗਈ ਅਸੀਂ ਹਰ ਸਜ਼ਾ ਭੁਗਤਣ ਲਈ ਤਿਆਰ ਹਾਂ।

ਪ੍ਰਧਾਨ : (ਮੁਸਕਰਾਕੇ) ਗਲਤੀ? ਸਜ਼ਾ? ਖੂਬ! ਔਰਤਾਂ ਤਾਂ ਸਮਾਜ 'ਚ ਬਣੀਆਂ ਈ ਗਲਤੀਆਂ ਕਰਨ ਲਈ ਹਨ ਤੇ ਸਜ਼ਾ? ਸਜ਼ਾਵਾਂ ਵੀ ਔਰਤਾਂ ਨੂੰ ਈ ਭੁਗਤਣੀਆਂ ਪੈਂਦੀਆਂ ਨੇ।

ਸਾਰੇ ਜਣੇ : (ਹੈਰਾਨ ਹੋ ਕੇ) ਕੀ ਫਰਮਾਉਂਦੇ ਹੋ ਪ੍ਰਧਾਨ ਜੀ! ਅਸਾਂ ਕਿਹੜੀ ਗਲਤੀ ਕੀਤੀ ਤੇ ਫਿਰ ਸਾਨੂੰ ਕਿਸ ਗਲਤੀ ਦੀ ਸਜ਼ਾ?

ਪ੍ਰਧਾਨ : (ਪ੍ਰਸੰਨ ਚਿੱਤ) ਮੈਂ ਇਸ ਮਹਾਂ ਸਭਾ ਦੀ ਮਹਾਂ ਸਭਾਪਤੀ ਹੋਣ ਦੇ ਨਾਤੇ ਸਭਨਾਂ ਔਰਤ ਪ੍ਰਤੀਨਿਧੀਆਂ ਦੇ ਵਿਸਥਾਰ ਪੂਰਬਕ ਵਿਚਾਰ ਸੁਣੇ ਤੇ ਇਹਨਾਂ



ਔਰਤਾਂ ਦੀ ਫਰਿਆਦ ਵੀ। ਅੰਤ ਮੈਂ ਇਸ ਨਤੀਜੇ ਤੇ ਅੱਪੜੀ ਹਾਂ ਕਿ ਨਾ ਤਾਂ ਔਰਤ ਕੋਈ ਅਲੱਗ ਕੌਮ ਹੈ ਨਾ ਉਹ ਆਪਣਾ ਕੋਈ ਵੱਖਰਾ ਔਰਤਸਤਾਨ ਹੀ ਬਣਾ ਸਕਦੀ ਏ। ਉਹ ਮਰਦ ਤੋਂ ਵੱਖ ਹੋ ਕੇ ਜੀਉਂਦੀ ਨਹੀਂ ਰਹਿ ਸਕਦੀ ਤੇ ਨਾ ਹੀ ਮਰਦਾਂ ਦਾ ਔਰਤਾਂ ਬਿਨਾਂ ਗੁਜ਼ਾਰਾ ਹੈ। ਇਸ ਲਈ ਸਾਨੂੰ ਮਰਦਾਂ ਸੰਗ ਰਹਿੰਦੇ ਹੋਏ ਹੀ ਉਸ ਨੂੰ ਪਿਆਰ ਨਾਲ ਸਮਝਾਉਣਾ ਹੋਵੇਗਾ ਤੇ ਜੇ ਉਹ ਨਾ ਸਮਝੇ?

ਸਾਰੀਆਂ ਜਣੀਆਂ : ਤਾਂ ਉਸ ਨਾਲ ਟਕਰਾਣਾ ਹੋਵੇਗਾ, ਆਪਣੀ ਹੋਂਦ ਦਾ ਸੂਰਜ ਜਗਾਣਾ ਹੋਏਗਾ ਜ਼ਮਾਨੇ ਨੂੰ ਇਹ ਦਿਖਾਣਾ ਹੋਵੇਗਾ।

ਪ੍ਰਧਾਨ : ਕੀ?

(ਪਰਦੇ ਪਿੱਛਿਓਂ ਫਿਰ ਆਵਾਜ਼ਾਂ ਆਉਂਦੀਆਂ ਹਨ। ਕਦੇ ਹੱਸਣ, ਦੀਆਂ, ਕਦੇ ਰੋਣ ਦੀਆਂ, ਕਦੇ ਸਿਆਪਾ ਕਰਨ ਦੀਆਂ, ਕਦੇ ਚੀਕਾਂ ਤੇ ਕਦੇ ਫਰਿਆਦਾਂ। ਸਾਰੇ ਪਾਤਰ ਇਕ ਦੂਜੇ ਵੱਲ ਹੈਰਾਨ-ਪ੍ਰੇਸ਼ਾਨ ਹੋ ਕੇ ਝਾਕਦੇ ਹਨ। ਇਹ ਕਾਰਜ ਕੋਈ ਮਿੰਟ-ਡੇਢ ਮਿੰਟ ਤੱਕ ਚੱਲਦਾ ਹੈ।)

ਪ੍ਰਧਾਨ : ਹੈਂ! ਇਕ ਕੀ? ਫਿਰ ਉਹੀ ਆਵਾਜ਼ਾਂ! ਇਹ ਕੇਹੀਆਂ ਆਵਾਜ਼ਾਂ? (ਗੁੱਸੇ ਨਾਲ : ਚੀਕਕੇ)

ਕੌਣ ਹੈ ਇਹ! ਇਹ ਕਿਸ ਦੀਆਂ ਆਵਾਜ਼ਾਂ ਹਨ! ਕਿਸ ਦੀਆਂ ਆਵਾਜ਼ਾਂ ਹਨ ਇਹ ਬੋਲੋ। ਜਵਾਬ ਦਿਓ..... ਜਵਾਬ ਕਿਉਂ ਨਹੀਂ ਦੇ ਰਹੇ? ਇਹ ਕਿਸਦੀਆਂ ਆਵਾਜ਼ਾਂ ਹਨ! ਕਿਸ ਦੀਆਂ ਆਵਾਜ਼ਾਂ ਹਨ ਇਹ? ਮੈਂ ਜਵਾਬ ਮੰਗਦੀ ਹਾਂ ਇਸ ਸਮਾਜ ਪਾਸੋਂ..... ਇਸ ਰਿਵਾਜ ਪਾਸੋਂ ਸਮੇਂ ਦੀ ਸਰਕਾਰ ਪਾਸੋਂ! ਔਰਤ ਸਮਾਜ ਪਾਸੋਂ!

ਇਹ ਆਵਾਜ਼ਾਂ ਕਿਸ ਦੀਆਂ ਹਨ! ਕਿਸ ਦੀਆਂ ਹਨ ਇਹ ਆਵਾਜ਼ਾਂ?

(ਪ੍ਰਧਾਨ ਸਟਿੱਲ ਹੋ ਜਾਂਦੀ ਹੈ। ਦੂਜੇ ਪਾਤਰ ਵੀ ਉਸ ਵੱਲ ਹੈਰਾਨੀ ਤੇ ਵਿਦਰੋਹ ਦੇ ਰਲਵੇਂ ਮਿਲਵੇਂ ਭਾਵਾਂ ਨਾਲ ਵੇਖਦੇ ਹਨ ਤੇ ਫਿਰ ਸਾਰੇ ਪਾਤਰ ਨੱਚਣਾ ਤੇ ਗਾਉਣਾ ਸ਼ੁਰੂ ਕਰ ਦਿੰਦੇ ਹਨ : "ਆਵਾਜ਼ ਦੋ... ਹਮ ਏਕ ਹੈਂ... ਆਵਾਜ਼ ਦੋ... (ਪਰਦਾ ਡਿੱਗਦਾ ਹੈ)

**543-ਏ/10 ਘੁੰਮਣ ਨਗਰ**
**ਸਰਹਿੰਦ ਰੋਡ, ਪਟਿਆਲਾ**
**ਮੋਬਾ : 98145-07693**

◆◆◆

## 'ਗ੍ਰਹਿਸਤ ਦਾ ਗੱਡਾ'- ਰੰਗਕਰਮੀ ਦੀ ਨਜ਼ਰ 'ਚੋਂ

**ਸੰਦੀਪ ਕੁਮਾਰ ਦਰਦੀ**

ਨਾਟਕ, ਸਾਹਿਤ ਦਾ ਇੱਕ ਨਿਵੇਕਲਾ ਰੂਪ ਹੈ ਜਿਸ ਨੂੰ ਲੋਕਾਂ ਤੱਕ ਅੱਖਰਾਂ ਰਾਹੀਂ ਹੀ ਨਹੀਂ, ਕਲਾਕਾਰਾਂ ਦੇ ਅਭਿਨੈ ਦੁਆਰਾ ਵੀ ਲਿਜਾਇਆ ਜਾਂਦਾ ਹੈ। ਨਾਟਕ ਦੀ ਵਿਧਾ ਨਾਲ ਜੁੜਿਆ ਹੋਣ ਕਰਕੇ ਮੈਂ ਮੰਚ ਤੋਂ ਕਾਫੀ ਨਾਟਕਾਂ ਦੇ ਪਾਤਰਾਂ ਦਾ ਅਭਿਨੈ ਕੀਤਾ ਹੈ ਪਰ ਸਤਵਿੰਦਰ ਬੇਗੋਵਾਲੀਆ ਜੀ ਦੇ ਨਾਟਕਾਂ ਵਿੱਚ ਕੰਮ ਕਰਕੇ ਕਾਫੀ ਮਾਨਸਿਕ ਸੰਤੁਸ਼ਟੀ ਹੁੰਦੀ ਹੈ।

ਬੇਗੋਵਾਲੀਆ ਜੀ ਦਾ ਨਾਟ ਸੰਗ੍ਰਹਿ 'ਗ੍ਰਹਿਸਤ ਦਾ ਗੱਡਾ' ਪੜ੍ਹ ਕੇ ਇਸ ਦੇ ਹਰ ਨਾਟਕ ਵਿੱਚ ਕੰਮ ਕਰਨ ਦੀ ਉਮੰਗ ਜਾਗ ਉਠੀ ਹੈ। ਕਿਓਂ ਜੋ ਇਹ ਨਾਟਕ ਜ਼ਿੰਦਗੀ ਦੀ ਧਰਾਤਲ ਤੇ ਲਿਖੇ ਗਏ ਨੇ ਸਾਡੇ ਪਿੰਡਾਂ ਦੇ ਕਾਮਿਆਂ ਦੀ ਗੱਲ ਕਰਦੇ ਨੇ ਸਮਾਜ ਵਿੱਚ ਆਰਥਿਕਤਾ ਦੇ ਅਸਾਵੇਂ ਵਿਕਾਸ ਤੋਂ ਪੈਦਾ ਹੋਏ ਫਰਕ ਦੀ ਗੱਲ ਕਰਦੇ ਨੇ।

ਜਿਵੇਂ ਕਿ ਨਾਟਕ ਗ੍ਰਹਿਸਤ ਦਾ ਗੱਡਾ ਵਿੱਚ :

ਨਿੰਦਰ ਕੌਰ : ਚਾਹ ਕਾਹਦੇ ਨਾਲ ਬਣਾਵਾਏ, ਪੱਤੀ ਮੁੱਕੀ ਪਈ ਏ।

ਬੱਗਾ ਸਿੰਘ : ਉਹੋ ਸਰੀਰ ਟੁੱਟਦਾ ਪਿਆ ਏ। ਚਾਹ ਦੀਆਂ ਚਾਰ ਚੁਸਕੀਆਂ ਭਰ ਲੈਂਦਾ...।

ਗਰੀਬ ਦੇ ਘਰ ਰਾਸ਼ਨ ਦਾ ਸਮਾਨ ਮੁੱਕਣਾ ਤੇ ਮੁੱਕਣ ਤੋਂ ਬਾਅਦ ਕਈ ਦਿਨ ਰਾਸ਼ਨ ਨਾ ਆਉਣਾ ਜਾਂ ਉਧਾਰ ਲੈ ਕੇ ਆਉਣਾ ਆਮ ਗੱਲ ਹੈ ਪਰ ਇਸ ਆਮ ਗੱਲ ਪਿੱਛੇ ਸਿਸਟਮ ਦੀ ਲੁੱਟ ਦਾ ਬਹੁਤ ਵੱਡਾ ਸਿਧਾਂਤ ਕੰਮ ਕਰਦਾ ਹੈ। ਜਿਸ ਨੂੰ ਇਸ ਨਾਟਕ ਵਿੱਚ ਖੂਬ ਪੇਸ਼ ਕੀਤਾ ਗਿਆ ਹੈ।

ਇਸੇ ਹੀ ਨਾਟਕ ਵਿੱਚ ਰਾਜ ਨੇਤਾ ਤੇ ਉਸ ਦੇ ਸਾਥੀਆਂ ਵੱਲੋਂ ਦਾਲਾਂ ਤੇ ਹੋਰ ਮੁੱਢਲੀਆਂ ਜ਼ਰੂਰਤਾਂ ਵਾਲੀਆਂ ਵਸਤੂਆਂ ਦੀ ਹੁੰਦੀ ਜਮ੍ਹਾਂਖੋਰੀ ਦਾ ਆਮ ਲੋਕਾਂ ਤੇ ਪੈਂਦੇ ਪ੍ਰਭਾਵ ਦਾ ਵੀ ਜ਼ਿਕਰ ਹੈ।

ਨੇਤਾ : ਮੋਟਾ ਸ਼ਿਕਾਰ। ਸਾਨੂੰ ਪੈ ਰਹੀ ਏ ਵੀਹ ਰੁਪਏ ਕਿਲੋ। ਜਦ ਅਸੀਂ ਬਾਹਰ ਕਢਾਂਗੇ ਦਾਲ ਬੋਲੇਗੀ ਆਪਣਾ ਰੇਟ ਸਠ ਰੁਪਏ ਕਿਲੋ।

ਇਸੇ ਤਰ੍ਹਾਂ ਸਾਡੇ ਸਮਾਜ ਵਿੱਚ ਮੌਤ ਤੋਂ ਬਾਅਦ ਦੇ ਹੁੰਦੇ ਕਰਮਕਾਂਡਾਂ ਨਾਲ ਹੁੰਦੀ ਲੁੱਟ ਦਾ ਵੀ ਵਿਸਤਾਰੀ ਜ਼ਿਕਰ ਹੈ। ਨਾਟਕ 'ਚੜ੍ਹਜਾ ਜਹਾਜ ਤੇ" ਵਿਦੇਸ਼ਾਂ ਵੱਲ ਵੇਖਦੇ ਡਾਲਰਾਂ-ਪੌਂਡਾਂ ਦੀ ਖਵਾਇਸ਼ ਜ਼ਾਹਿਰ ਕਰਦੇ ਪਰਿਵਾਰਾਂ ਦੇ ਵੱਖ-ਵੱਖ ਪੜ੍ਹਾਵਾਂ ਦਾ ਜ਼ਿਕਰ ਹੈ।

"ਮੈਂ ਮਹਾਂਪੁਰਸ਼ ਨਹੀਂ ਹਾਂ।" ਸਾਧਾਂ ਦੇ ਭੇਸ ਵਿੱਚ ਬੈਠੇ ਚੋਰਾਂ ਤੇ ਠੱਗਾਂ ਦੀ ਕਾਫੀ ਤਾੜਨਾ ਕਰਦਾ ਹੈ।

"ਸਿਆਸਤ ਇੱਕ ਸਕੂਲ ਦੀ' ਨਾਟਕ ਸਕੂਲਾਂ ਦੇ ਅੰਦਰ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਛਿੱਕੇ ਟੰਗ ਕੇ ਬੇ-ਮਾਅਨੇ ਦੀ ਹੁੰਦੀ ਸਿਆਸਤ ਤੇ ਮਾਸਟਰਾਂ ਦੇ ਆਪਣੇ ਨਿੱਜੀ ਕੰਮਾਂ ਲਈ ਸਕੂਲ ਤੋਂ ਝੂਠ ਬੋਲ ਕੇ ਚਲੇ ਜਾਣਾ ਨੈਤਿਕ ਤੌਰ 'ਤੇ ਗਲਤ ਹੈ। ਜਿਸ ਦੀ ਆਲੋਚਨਾ ਇਹ ਨਾਟਕ ਬਾਖੂਬੀ ਕਰਦਾ ਹੈ।

ਮੈਂ ਇਸ ਨਾਟ ਸੰਗ੍ਰਹਿ ਨੂੰ ਜੀ ਆਇਆਂ ਆਖਦਾ ਹਾਂ ਤੇ ਆਸ ਕਰਦਾ ਹਾਂ ਬੇਗੋਵਾਲੀਆ ਜੀ ਦੀ ਕਲਮ ਇਸੇ ਤਰ੍ਹਾਂ ਉਸਾਰੂ ਨਾਟ ਸੰਗ੍ਰਹਿ ਸਾਹਿਤ ਦੀ ਝੋਲੀ ਵਿੱਚ ਪਾਉਂਦੇ ਰਹਿਣ।

**99149-87088**

◆◆◆



# ਪੁਸਤਕ ਸਮੀਖਿਆ

## ਮਿਆਰੀ ਗੀਤ-ਸਿਰਜਣਾ ਦਾ ਸਭਿਆਚਾਰਕ ਮੁਹਾਂਦਰਾ ਪੁਸਤਕ - 'ਚੀਰੇ ਵਾਲਿਆ ਗੱਭਰੂਆ'

***— ਡਾ. ਜਗੀਰ ਸਿੰਘ ਨੂਰ***

ਗਿੱਲ ਸੁਰਜੀਤ ਦੀ ਗੀਤ ਸਿਰਜਣਾ ਅਜੋਕੇ ਕਾਲ-ਖੰਡ ਦੀ ਪੰਜਾਬੀ ਗੀਤਕਾਰੀ ਵਿੱਚ ਵਿਲੱਖਣ ਸਥਾਨ ਰੱਖਦੀ ਹੈ। ਇਸ ਦਾ ਸਰਲ ਅਤੇ ਸਪੱਸ਼ਟ ਮੁਹਾਂਦਰਾ ਜਿੱਥੇ ਪੰਜਾਬੀਆਂ ਦੇ ਤਹਿ-ਦਰ-ਤਹਿ ਪਛਾਣ ਚਿੰਨ੍ਹਾਂ ਨੂੰ ਪਾਠਕਾਂ ਜਾਂ ਸਰੋਤਿਆਂ ਦੇ ਮਨਾਂ ਦੀਆਂ ਡੂੰਘਾਈਆਂ ਤੱਕ ਤ੍ਰਿਪਤ ਕਰਕੇ ਮਿਆਰੀ ਮਾਨਦੰਡਾਂ ਵਿੱਚੋਂ ਉਦੈਮਾਨ ਹੁੰਦਾ ਹੋਇਆ ਪ੍ਰਤੀਤ ਹੁੰਦਾ ਹੈ, ਉਥੇ ਗੱਭਰੂਆਂ-ਮੁਟਿਆਰਾਂ ਤਾਂ ਕੀ ਬਾਲਾਂ ਅਤੇ ਬੁੱਢਿਆਂ-ਠੇਰਿਆਂ ਦੇ ਸੀਨਿਆਂ 'ਚ ਵੀ ਆਪਣੀ ਛਾਪ ਛੱਡ ਦੇਣ ਦੇ ਸਮਰੱਥ ਹੈ। 'ਚੀਰੇ ਵਾਲਿਆ ਗੱਭਰੂਆ' ਤੋਂ ਪਹਿਲਾਂ ਗਿੱਲ ਸੁਰਜੀਤ ਨੇ ਪੰਜਾਬੀ ਪਾਠਕਾਂ ਅਤੇ ਸਰੋਤਿਆਂ ਨੂੰ 'ਮੇਲਾ ਮੁੰਡੇ ਕੁੜੀਆਂ ਦਾ', 'ਵੰਗਾਂ ਦੀ ਛਣਕਾਰ', 'ਝਾਂਜਰ ਦਾ ਛਣਕਾਟਾ' ਅਤੇ 'ਚੇਤੇ ਕਰ ਬਚਪਨ ਨੂੰ' ਗੀਤ-ਸੰਗ੍ਰਹਿਆਂ ਰਾਹੀਂ ਸਰਸ਼ਾਰ ਕੀਤਾ ਸੀ। ਵਿਲੱਖਣ ਪਹਿਲੂ ਇਹ ਹੈ ਕਿ ਇਨ੍ਹਾਂ ਪਹਿਲਾਂ ਰਚੇ ਗੀਤ-ਸੰਗ੍ਰਹਿਆਂ ਅਤੇ ਹੱਥਲੇ ਗੀਤ-ਸੰਗ੍ਰਹਿ ਦੇ ਸਮੁੱਚੇ ਗੀਤ ਪੁਸਤਕ ਰੂਪ ਅਖਤਿਆਰ ਕਰਨ ਤੋਂ ਪਹਿਲਾਂ ਹੀ ਚੋਟੀ ਦੇ ਗੀਤ ਗਾਇਕਾਂ ਦੀ ਰਸਨਾਂ ਜ਼ਰੀਏ ਲੋਕ-ਮਨਾਂ ਵਿੱਚ ਘਰ ਕਰ ਚੁੱਕੇ ਹਨ ਜਿਸ ਦਾ ਪਰਮਾਣ ਸਾਨੂੰ ਪਿਛਲਿਆਂ ਤਿੰਨ ਦਹਾਕਿਆਂ ਤੋਂ ਸਰਬ-ਸਾਂਝੇ ਮੇਲਿਆਂ-ਮੁਸਾਹਵਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੋਂ ਛੁੱਟ ਵਿਆਹ-ਸ਼ਾਦੀਆਂ, ਮੰਗਣੇ-ਮਕਲਾਵਿਆਂ, ਛਿੰਞਾਂ-ਪਿੜਾਂ 'ਚ ਇਕੱਤਰ ਹੋਏ ਪੰਜਾਬੀਆਂ ਵੱਲੋਂ ਪੰਜਾਬੀ ਰਹਿਤਲ ਦੀ ਪੇਸ਼ਕਾਰੀ ਕਰਦੇ ਸਮੇਂ ਸੁਣਨ ਨੂੰ ਅਤੇ ਨਾਲ-ਨਾਲ ਨੱਚ ਕੇ ਮਾਣਨ ਨੂੰ ਮਿਲਦੇ ਰਹੇ ਹਨ। ਹੱਥਲੀ ਪੁਸਤਕ ਦੇ ਛਿਆਲੀ ਗੀਤ ਨਿਰੋਲ ਪੰਜਾਬੀ-ਸੁਭਾਅ ਦੇ ਬਿੰਬ ਨੂੰ ਮੂਰਤੀਮਾਨ ਕਰਦੇ ਹਨ।

ਗਿੱਲ ਸੁਰਜੀਤ ਦੀ ਇਹ ਗੀਤਕਾਰੀ ਮਹਿਜ਼ ਸੁੰਦਰ ਦਿਸਦੀ ਮੁਟਿਆਰ ਜਾਂ ਖ਼ੂਬਸੂਰਤ ਪੰਜਾਬੀ ਗੱਭਰੂ ਦੀ ਦਿੱਖ-ਡੌਲ ਜਾਂ ਸੂਰਤ ਨੂੰ ਹੀ ਪ੍ਰਗਟ ਨਹੀਂ ਕਰਦੇ, ਸਗੋਂ ਇਸਦੇ ਪਿਛੋਕੜ 'ਚ ਸੀਰਤ ਨੂੰ ਪਛਾਣ ਕੇ, ਇਸ ਦੀ ਅਮੀਰ ਹੋਂਦ-ਸਥਿਤੀ ਦੀ ਨਿਸ਼ਾਨਦੇਹੀ ਕਰਦੇ ਹਨ। ਜਵਾਨੀ ਦੀ ਅਵਸਥਾ ਵਿੱਚ ਕਾਰਜਸ਼ੀਲ ਗੱਭਰੂ ਅਤੇ ਮੁਟਿਆਰ ਨੂੰ ਸੁਚੇਤ ਕਰਦਾ ਗੀਤਕਾਰ ਕਹਿੰਦਾ ਹੈ ਕਿ 'ਮੰਨਿਆ ਕਿ ਰੱਬ ਤੈਨੂੰ ਦਿੱਤੀ ਏ ਜਵਾਨੀ ਵੇ, ਸੁਹਣਿਆ ਜਵਾਨੀ ਵਿਚ ਕਰੀਂ ਨਾ ਨਾਦਾਨੀ ਵੇ'। ਗਿੱਲ ਦਾ ਦਾਅਵਾ ਹੈ ਕਿ ਜੇਕਰ, ਸੱਚੀ-ਸੁੱਚੀ ਪ੍ਰੀਤ ਅਤੇ ਪ੍ਰੀਤ ਦੇ ਨਿਭਾਅ ਦੀ ਸ਼ੈਲੀ ਨੂੰ ਸਮਝਣਾ ਹੋਵੇ ਤਾਂ ਇਨ੍ਹਾਂ ਗੀਤਾ ਨੂੰ ਸਮਝਣਾ ਲਾਜ਼ਮੀ ਹੈ।

ਇਸ ਸੰਗ੍ਰਹਿ ਵਿਚਲੇ ਗੀਤਾਂ ਨੂੰ ਜਦੋਂ ਰੇਡੀਓ, ਟੈਲੀਵਿਜ਼ਨ ਜਾਂ ਗਾਇਕਾਂ ਤੋਂ ਸੁਣ ਰਹੀ-ਦੇ, ਹੋਈ-ਦਾ ਹੈ ਤਾਂ ਸਰੋਤੇ ਨੱਚਣਾ, ਝੂਮਣਾ ਸ਼ੁਰੂ ਕਰ ਦਿੰਦੇ ਹਨ। ਅਜਿਹਾ ਇਸ ਕਰਕੇ ਕਿ ਇਨ੍ਹਾਂ

ਗੀਤਾਂ ਵਿਚ ਲੋਕ-ਮਨਾਂ ਦੇ ਵੇਗਾਂ, ਸੰਵੇਗਾਂ, ਹਾਵਾਂ-ਭਾਵਾਂ, ਜਜ਼ਬਾਤਾਂ, ਵਲਵਲਿਆਂ ਅਤੇ ਚਾਹਤ-ਉਦਗਾਰਾਂ ਦਾ ਸੰਘਣਾ ਸਮਾਵੇਸ਼ ਹੁੰਦਾ ਹੈ। ਇਨ੍ਹਾਂ ਗੀਤਾਂ ਵਿਚ ਹੁਸਨ, ਇਸ਼ਕ, ਪਿਆਰ, ਵਿਛੋੜੇ, ਮਿਲਣ ਦੀ ਤਾਂਘ, ਤਰਸੇਵੇਂ ਅਤੇ ਗੁੱਝੇ-ਗੁੱਝੇ ਨਿਹੋਰੇ ਵੀ ਸਮਿਲਤ ਹਨ, ਰੱਬੀ ਰਹਿਮਤਾਂ, ਪ੍ਰਕਿਰਤੀ ਦਾ ਨਿੱਘ, ਰੱਬ ਨਾਲੋਂ ਵੱਧ ਯਾਰਾਂ-ਮਿੱਤਰਾਂ ਦਾ ਪਿਆਰ-ਸਤਿਕਾਰ ਅਤੇ ਮਾਵਾਂ, ਭੈਣਾਂ ਦੇ ਪੁੱਤਾਂ-ਭਰਾਵਾਂ ਪ੍ਰਤੀ ਮੋਹ ਦੀਆਂ ਤੰਦਾਂ ਵਿਚੋਂ ਉਗਮੇਂ ਦਿਲੀ ਜਜ਼ਬਿਆਂ ਦਾ ਸਦੀਵੀਂ ਅਹਿਸਾਸ ਵੀ ਉਮਡ-ਉਮਡ ਪੈਂਦਾ ਹੋਇਆ ਪ੍ਰਗਟ ਹੁੰਦਾ ਹੈ। ਇਸ ਕੇਂਦਰੀ ਨੁਕਤੇ ਤੋਂ ਜਾਂ ਕਹਿ ਲਵੋ ਕਿ ਅਜਿਹੇ ਸਰੋਕਾਰ ਤੋਂ ਗਿੱਲ ਸੁਰਜੀਤ ਦੇ ਗੀਤ-ਰਚਨਾਤਮਕ ਸਰੋਤ ਦਾ ਮੁੱਢ ਬੱਝਦਾ ਹੈ। ਉਸਦਾ ਬੜਾ ਪੁਖ਼ਤਾ ਬੋਲ ਹੈ ਕਿ –

ਗਿੱਲ ਸੁਰਜੀਤ ਦੇ ਗੀਤ ਅਸੀਸਾਂ ਮਾਂ ਦੀਆਂ ਨੇ
ਰੱਬ ਦਾ ਰੂਪ ਸੀ ਦੂਜਾ ਕੀ ਰੀਸਾਂ ਮਾਂ ਦੀਆਂ ਨੇ
ਭਰੇ ਖਜਾਨੇ ਵਾਰੇ ਨਾਲ ਦੁਆਵਾਂ ਦੇ
ਦਿਲ ਦੇ ਟੋਟੇ ਹੁੰਦੇ ਪੁੱਤਰ ਮਾਵਾਂ ਦੇ। (ਪੰਨਾ-19)

ਕੁਲਵੰਤ ਸਿੰਘ ਗਰੇਵਾਲ ਅਨੁਸਾਰ "ਗਿੱਲ ਸੁਰਜੀਤ ਪੰਜਾਬੀ ਰੂਹ ਦੀ ਮੁੱਢਲੀ ਤਾਜ਼ਗੀ ਦਾ ਸ਼ਾਇਰ ਏ.... ਉਹ ਹਰਿਆਲਵੀ ਵਾਦੀਆਂ ਦਾ ਸ਼ਾਇਰ ਹੈ।" ਇਸੇ ਤਰ੍ਹਾਂ ਨਿਰਮਲ ਜੌੜਾ ਨੂੰ "ਗਿੱਲ ਸੁਰਜੀਤ ਰੂਹਦਾਰ ਇਨਸਾਨ ਅਤੇ ਮਾਨਵੀ ਜਜ਼ਬਿਆਂ ਤੇ ਪਕੜ ਰੱਖਣ ਵਾਲਾ ਗੀਤਕਾਰ" ਜਾਪਿਆ ਹੈ। ਅਜਿਹਾ ਕਹਿਣਾ ਸੱਚ ਹੈ, ਕਿਉਂਕਿ ਗਿੱਲ ਸੁਰਜੀਤ ਪਜੰਾਬ, ਪੰਜਾਬੀਅਤ ਅਤੇ ਮਾਂ ਬੋਲੀ ਪੰਜਾਬੀ ਦਾ ਉਪਾਸ਼ਕ ਹੀ ਨਹੀਂ ਸ਼ੈਦਾਈ ਵੀ ਹੈ। ਪਹਿਲੇ ਗੀਤ-ਸੰਗ੍ਰਹਿ ਵੀ ਅਤੇ ਹਥਲੇ ਸੰਗ੍ਰਹਿ ਵਿਚੋਂ ਵੀ, ਇਸ ਕਥਨ ਦੇ ਪੁਖ਼ਤਾ ਪ੍ਰਮਾਣ ਲੋਕ-ਜ਼ੁਬਾਨਾਂ ਜ਼ਰੀਏ ਥਾਂ-ਪੁਰ-ਥਾਂ ਸੁਣੇ ਅਤੇ ਮਾਣੇ ਜਾ ਰਹੇ ਹਨ। ਪੰਜਾਬ ਦੀਆਂ ਛਿੰਝਾਂ, ਘੋਲ-ਕਬੱਡੀਆਂ, ਮੁਗਦਰ ਚੁੱਕਣਾ, ਬੋਹੜ ਦੀਆਂ ਛਾਵਾਂ, ਪਿੱਪਲ ਦੀਆਂ ਪੀਂਘਾਂ ਅਤੇ ਖਾਣ-ਪੀਣ ਦੇ ਅਨੇਕਾਂ ਦੇਸੀ-ਪਦਾਰਥਾਂ ਅਤੇ ਸਬਜ਼ਬਾਗਾਂ ਦੀਆਂ ਸਿਫ਼ਤਾਂ ਆਦਿ ਦਾ ਗੀਤਾਂ 'ਚ ਵਰਣਨ 'ਚਾਤ੍ਰਿਕ' ਦੀ ਸ਼ਾਇਰੀ ਨੂੰ ਮੁੜ ਤਾਜ਼ਗੀ ਸਹਿਤ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਪੰਜਾਬਣ ਮੁਟਿਆਰ ਅਤੇ ਗੱਭਰੂਆਂ ਦੇ ਗੀਤ, ਲੋਕ-ਨਾਚ ਅਤੇ ਹੋਰ ਕੰਮਾਂ-ਧੰਦਿਆਂ, ਰੁਝੇਵਿਆਂ ਦਾ ਜ਼ਿਕਰ ਕਰਦਾ ਹੋਇਆ ਇਹ ਗੀਤਕਾਰ ਪ੍ਰੋ. ਪੂਰਨ ਸਿੰਘ ਦੀ ਯਾਦ ਦਿਲਾਉਂਦਾ ਹੈ।

ਗਿੱਲ ਸੁਰਜੀਤ ਦੇ ਇਨ੍ਹਾਂ ਗੀਤਾਂ ਵਿੱਚ ਪੰਜਾਬੀਅਤ ਦੀ ਪਛਾਣ 'ਜੱਟ' ਦੇ ਚਿਤਰਣ ਵਾਲੇ ਗੀਤ ਵਿਚ ਵੀ ਨਿਹਿਤ ਹੈ। ਪਰ ਇਥੇ 'ਜੱਟ' ਸ਼ਰਾਬਾਂ ਪੀਣ ਵਾਲਾ, ਬੱਕਰੇ ਬੁਲਾਉਣ ਵਾਲਾ, ਜਾਂ ਟਰੱਕਾਂ ਦੇ ਡਰਾਈਵਰਾਂ ਤੱਕ ਸੀਮਤ ਚਰਿੱਤਰ ਵਾਲਾ ਨਹੀਂ ਹੈ। ਸਗੋਂ ਹੌਂਸਲੇ, ਬੀਰਤਾ, ਸਾਹਸ, ਪਿਆਰ, ਕੁਰਬਾਨੀ, ਤਿਆਗ ਅਤੇ ਚੰਗੇ ਉਪਜਾਇਕ ਸਾਧਨਾਂ ਦਾ ਸਿਰਜਕ ਹੈ। ਜੱਟ ਜਾਤੀਵਾਦੀ ਸ਼ਬਦ ਨਹੀਂ, ਪੰਜਾਬ ਦੇ ਗੱਭਰੂ ਦੇ ਪਛਾਣ ਚਿੰਨ੍ਹਾਂ ਦਾ ਸੂਚਕ ਵੀ ਹੈ ਅਤੇ ਪ੍ਰਤੀਕ ਵੀ ਹੈ। ਇਸੇ ਤਰ੍ਹਾਂ ਪੰਜਾਬਣ ਜੱਟੀ ਸਮੂਹਿਕ ਪੰਜਾਬਣਾਂ ਦੀ ਪ੍ਰਤੀਕ ਹੈ ਨਾ ਕਿ ਕਿਸੇ-ਜਾਤ-ਸ਼੍ਰੇਣੀ ਦੀ ਸੂਚਕ ਹੈ। ਗੀਤ ਦੀਆਂ ਕੁਝ ਸਤਰਾਂ ਹਨ –

ਗਿੱਲ ਸੁਰਜੀਤ ਸਦਾ ਮੇਲੇ ਰਹਿਣ ਲੱਗਦੇ
ਮੇਲਿਆਂ 'ਚ 'ਖਾੜੇ ਗਾਉਣ ਵਾਲਿਆਂ ਦੇ ਫੱਬਦੇ



ਢੋਲ ਵੱਜਿਆ ਵਿਸਾਖੀ 'ਤੇ ਕਮਾਲ
ਜੱਟਾਂ ਦੇ ਪੁੱਤ ਪਾਉਣ ਭੰਗੜੇ
ਬੰਨ੍ਹ ਖੁੰਡਿਆਂ 'ਤੇ ਰੇਸ਼ਮੀ ਰੁਮਾਲ, ਜੱਟਾਂ ਦੇ ਪੁੱਤਰ ਪਾਉਣ ਭੰਗੜੇ। (ਪੰਨਾ-80)

ਗਿੱਲ ਸੁਰਜੀਤ ਦਾ ਪੰਜਾਬ-ਪਿਆਰ ਸਰਸਰੀ ਨਹੀਂ, ਭਾਵੁਕ ਪੱਧਰ ਤਾਂ ਕੀ, ਸਗੋਂ ਉਸ ਦੀ ਰਗ਼-ਰਗ਼, ਗੀਤ-ਤੁਕ, ਸ਼ਬਦ, ਸ਼ਬਦਾਰਥ ਅਤੇ ਧੁਨੀ ਤੱਕ ਵਿਆਪਕ ਹੈ। ਇਹ ਚਿੰਤਨ ਉਸ ਨੂੰ ਬਹੁਤ ਸਾਰੇ ਦੇਸ਼ਾਂ ਵਿਚ ਜਾ ਕੇ ਅਨੁਭਵ ਹੋਇਆ ਪ੍ਰਤੀਤ ਹੁੰਦਾ ਹੈ। ਉਸ ਦਾ ਇਹ ਅਨੁਭਵ "ਫਿਰਿਆ ਕਨੇਡਾ-ਇੰਗਲੈਂਡ-ਅਮਰੀਕਾ" ਗੀਤ ਦੀ ਸਥਾਈ ਤੋਂ ਇਉਂ ਪ੍ਰਗਟ ਹੁੰਦਾ ਹੈ –

ਭਾਵੇਂ ਲੱਖ ਵਿਦੇਸ਼ਾਂ ਵਿਚ ਮੌਜ ਮੇਲੇ, ਪਰ ਵਤਨ ਲਈ ਹਰ ਕੋਈ ਤਰਸਦਾ ਏ
ਯਾਦ ਆਉਣ ਜਦ ਵਤਨ ਦੇ ਯਾਰ ਬੇਲੀ, ਪਾਣੀ ਅੱਖਾਂ 'ਚੋਂ ਸਾਉਣ ਵਾਂਗੂੰ ਵਰਸਦਾ ਏ
(ਪੰਨਾ-81)

ਗਿੱਲ ਸੁਰਜੀਤ ਵੇਖਣ ਨੂੰ ਅਤੇ ਵਿਚਰਣ 'ਚ ਭੋਲਾ-ਭਾਲਾ ਜੱਟ ਲੱਗਦਾ ਹੈ, ਪਰ ਸੀਰਤ ਪੱਖੋਂ ਵਲੇਵਿਆਂ ਵਾਲੀ ਜਲੇਬੀ ਵਰਗਾ ਜੱਟ ਹੈ। ਇਹੋ ਕਾਰਨ ਹੈ ਕਿ ਉਹ ਅਜੋਕੇ ਗੱਭਰੂ ਅਤੇ ਮੁਟਿਆਰ ਦੇ ਹਾਵਾਂ-ਭਾਵਾਂ, ਚਾਵਾਂ-ਮਲਾਰਾਂ ਨੂੰ ਤਹਿ-ਦਰ-ਤਹਿ ਗੀਤਾਂ ਦੇ ਬੋਲਾਂ ਰਾਹੀਂ ਪ੍ਰਗਟ ਕਰਨ ਦੇ ਸਮਰੱਥ ਹੋਇਆ ਹੈ। ਇਸ ਗੀਤਕਾਰ ਦੇ ਇਸ ਅਨੁਭਵ ਦਾ ਪ੍ਰਗਟਾਵਾ ਦਿਲ-ਦਿਲ-ਦਿਲ ਗੀਤ ਦੀ ਪੜ੍ਹਤ ਤੋਂ ਹੋ ਜਾਂਦਾ ਹੈ ਅਤੇ ਇਸੇ ਰੰਗਤ ਦੀ ਜ਼ਿੰਮੇਵਾਰੀ ਰੱਬ ਨੂੰ ਦੇਣ ਦਾ ਭਾਵ-ਬੋਧ ਵੀ ਪ੍ਰਗਟ ਹੋ ਜਾਂਦਾ ਹੈ ਕਿ –

ਕਿਹੋ ਜਿਹਾ ਦਿਲ ਹੈ ਬਣਾਇਆ ਰੱਬ ਨੇ
ਪਿਆਰ ਪਾਉਣਾ ਦਿਲ ਨੂੰ ਸਿਖਾਇਆ ਰੱਬ ਨੇ। ਪੰਨਾ-68)

ਇਨ੍ਹਾਂ ਭਾਵਾਂ, ਵਿਭਾਵਾਂ ਅਤੇ ਵਿਚਾਰ ਸੰਚਾਰ ਦਾ ਪਤਾ ਸਾਨੂੰ ਪੁਸਤਕ ਵਿਚ ਗੀਤਾਂ – 'ਕੀਤੇ ਉਮਰਾਂ ਦੇ ਵਾਅਦੇ', 'ਦਿਲ ਯਾਰੀ ਯਾਰੀ ਕਰਦਾ ਸੀ', 'ਇਸ਼ਕ ਦਾ ਪੈਂਡਾ ਔਖਾ ਏ' ਅਤੇ 'ਸੱਜਣਾ ਵੇ ਸੱਜਣਾ' ਆਦਿ ਗੀਤਾਂ ਦੇ ਸੁਣਨ ਅਤੇ ਪੜ੍ਹਨ ਤੋਂ ਵੀ ਹੋ ਜਾਂਦਾ ਹੈ।

ਗਿੱਲ ਸੁਰਜੀਤ ਅਨੁਸਾਰ 'ਜਵਾਨੀ ਚਾਰ ਦਿਨਾਂ ਦੀ' ਹੈ। ਗੱਭਰੂ-ਮੁਟਿਆਰਾਂ ਨੂੰ ਇਸ ਜੀਵਨ-ਅਉਧ ਨੂੰ, ਚਮਕ-ਦਮਕ, ਸੁਹਜ-ਸੁਹੱਪਣ ਆਦਿ ਦੇ ਪ੍ਰਤੱਖੀਕਰਨ ਤੋਂ ਇਲਾਵਾ, ਦੇਸ਼, ਕੌਮ ਅਤੇ ਮਾਨਵਤਾ ਦੇ ਸਦੀਵਾਂ ਹਿੱਤਾਂ ਲਈ ਵੀ ਉਪਯੋਗ ਵਿੱਚ ਲਿਆਉਣੀ ਲਾਜ਼ਮੀ ਹੈ। ਕਿਉਂਕਿ ਜੇ ਜੜ੍ਹ ਨਹੀਂ ਤਾਂ ਤਨਾ ਨਹੀਂ ਹੋਵੇਗਾ, ਜੋ ਤਨਾ ਨਹੀਂ ਤਾਂ ਟਾਹਣ ਤੇ ਫਿਰ ਪੱਤੇ, ਫੁੱਲ, ਫ਼ਲ ਕਿਵੇਂ ਪੈਦਾ ਹੋਣਗੇ? ਸੰਕੇਤਕ ਸ਼ੈਲੀ 'ਚ ਗੀਤਾਂ ਦੀ ਇਹ ਸੁਰ ਗਿੱਲ ਨੂੰ ਮਾਨਵਤਾ ਦਾ ਹਿਤੈਸ਼ੀ ਗੀਤਕਾਰ ਸਾਬਤ ਕਰਨ 'ਚ ਸਹਾਈ ਜਾਪਦੀ ਹੈ। ਇਸੇ ਰੰਗਤ ਵਿੱਚ ਇਹ ਗੀਤਕਾਰੀ ਕਦੇ ਕਦੇ ਬਾਹਰੀ ਸੁਹਜ-ਸੁਹੱਪਣ ਨੂੰ ਉਲੰਘਦੀ ਹੋਈ ਸੂਫ਼ੀਆਨਾ ਬੋਧ ਵੀ ਕਰਵਾ ਜਾਂਦੀ ਹੈ, ਜਿਵੇਂ ਕਿ –

ਯਾਰਾਂ ਨਾਲ ਬਹਾਰਾਂ ਹੁੰਦੀਆਂ, ਯਾਰਾਂ ਦੇ ਸੰਗ ਮੇਲੇ,
ਇਸ਼ਕ ਦਾ ਨਾਚ ਨਚਾਉਂਦੀ ਯਾਰੀ, ਟੱਪਦੀ ਜੰਗਲ ਬੇਲੇ,
ਯਾਰ ਦੀ ਜਿਸ 'ਤੇ ਰਹਿਮਤ ਹੋ ਜੇ, ਵਿਚ ਮਲੰਗੀਂ ਖੇਲੇ,
ਸਾਡਾ ਦਿਲ ਵੀ ਨੱਚਦਾ ਟੱਪਦਾ, ਕਿਸ ਨੂੰ ਯਾਰ ਬਣਾ ਬੈਠਾ,
ਦਿਲ ਯਾਰੀ ਯਾਰੀ ਕਰਦਾ ਸੀ, ਤੇ ਆਖਰ ਯਾਰੀ ਲਾ ਬੈਠਾ। (ਪੰਨਾ 63-64)

ਢੋਲ ਪੰਜਾਬੀਅਤ ਦੇ ਗੂਹੜ-ਚਿੰਨ੍ਹਾਂ ਦਾ ਪ੍ਰਗਟਾਵਾ ਹੈ। ਇਸ ਨੁਕਤਾ-ਏ-ਨਿਗਾਹ ਤੋਂ ਗਿੱਲ ਸੁਰਜੀਤ ਇਸ ਦੀ ਅਹਿਮੀਅਤ ਨੂੰ ਆਪਣੇ ਗੀਤ-ਬੋਲਾਂ 'ਚ ਇਤਨਾ ਕੁ ਸਮੋਅ ਲੈਂਦਾ ਪ੍ਰਤੀਤ ਹੁੰਦਾ ਹੈ ਕਿ ਢੋਲ ਪੰਜਾਬੀ ਗੱਭਰੂਆਂ-ਮੁਟਿਆਰਾਂ ਦੇ ਬੋਲਾਂ ਜਾਂ ਨਾਚ-ਮੁਦਰਾਵਾਂ ਇਸ ਦੇ ਵਿਭਿੰਨ ਤਾਲਾਂ 'ਚ ਆਪ ਹੁਦਰੇ ਸ਼ਾਮਿਲ ਹੋ ਜਾਂਦੀਆਂ ਹੋਈਆਂ ਜਾਪਦੀਆਂ ਹਨ। ਗੀਤਕਾਰ ਅਨੁਸਾਰ ਢੋਲ ਦਾ ਵੱਜਣਾ ਹਜ਼ਾਰਾਂ ਖੁਸ਼ੀਆਂ ਦਾ ਸੰਕੇਤ ਹੈ। ਢੋਲ ਦੀ ਥਾਪ ਅਤੇ ਹੋਰ ਲੋਕ-ਸਾਜਾਂ ਦੀ ਸੁਰਤਾਲ ਉੱਤੇ ਗਿੱਲ ਸੁਰਜੀਤ ਦੇ ਅਨੇਕਾਂ ਗੀਤ ਪ੍ਰਚਲਿਤ ਹਨ।

ਵੰਨ ਸੁਵੰਨੇ ਵਿਚਾਰਾਂ, ਪ੍ਰਸੰਗ ਸਥਿਤੀਆਂ, ਮੌਜ-ਮਸਤੀ ਤੇ ਖੁਸ਼ੀਆਂ ਖੇੜਿਆਂ ਨੂੰ ਵੰਡਦੇ ਹੋਏ ਇਨ੍ਹਾਂ ਗੀਤਾਂ ਦੇ ਨਾਲ ਇਨਸਾਨ ਕੀ, ਘੋੜੇ, ਹਾਥੀ, ਊਠ ਵੀ ਮਾਨਵ ਨਾਲ ਸਾਂਝ ਦਰਸਾਉਂਦੇ ਹੋਏ ਝੂਮਣ ਲੱਗ ਪੈਂਦੇ ਹਨ। 'ਚੀਰੇ ਵਾਲਿਆ ਗੱਭਰੂਆ, ਢੋਲਾ ਵੇ ਢੋਲਾ, ਸੁਹਣੀ ਕੁੜੀ ਪੰਜਾਬ ਦੀ, ਸੌਣ ਮਹੀਨੇ ਤੀਆਂ ਆਈਆਂ, ਇਕ ਹੂਰ ਬੜੀ ਮਗ਼ਰੂਰ, ਮਾਲਵੇ ਦੇ ਜੱਟ, ਸੱਜਣਾ ਵੇ ਸੱਜਣਾ, ਢੋਲ ਢਮੱਕਾ, ਗਿੱਧੇ ਵਿੱਚ ਭਾਬੀ ਤੇ ਨਣਾਨ ਨੱਚੀਆਂ, ਸ਼ਹਿਰ ਪਟਿਆਲੇ ਵਿੱਚ ਬਜ਼ਾਰਾਂ, ਦਿਲ ਯਾਰੀ ਯਾਰੀ ਕਰਦਾ ਸੀ, ਕੁੜੀ ਨਿੱਖਰੀ ਸ਼ਹਿਰ ਨੂੰ ਜਾਵੇ, ਗਿੱਧੇ ਵਿੱਚ ਕੌਣ ਨੱਚਦੀ, ਜੱਟ ਪੰਜਾਬ ਦਾ, ਜੱਟਾਂ ਦੇ ਪੁੱਤ ਪਾਉਣ ਭੰਗੜੇ ਅਤੇ ਪਾਈ ਤੂੰ ਧਮਾਲ ਨੀਂ ਆਦਿ ਗੀਤਾਂ ਦੀ ਲਯ, ਰਸਕਤਾ ਸੰਗੀਤਕਾ, ਸੱਭਿਅਕ ਭਾਸ਼ਾਈ ਗੀਤ-ਜੁਗਤਾਂ ਅਤੇ ਠੁੱਕਦਾਰ ਮੁਹਾਵਰਾ ਗਿੱਲ ਸੁਰਜੀਤ ਦੀ ਮੌਲਿਕਤਾ ਅਤੇ ਵਿਲੱਖਣਤਾ ਦਾ ਰਾਜ ਬਣਦਾ ਹੈ।

ਪਟਿਆਲਾ ਅਤੇ ਖਾਸ ਕਰਕੇ ਮਾਲਵਾ ਖੇਤਰ ਦੀ ਆਂਚਲਿਕਤਾ ਨੂੰ ਬਾਖ਼ੂਬੀ ਪੇਸ਼ ਕਰਦੇ ਹੋਏ ਇਹ ਗੀਤ ਵਿਸ਼ਵ ਵਿਆਪੀ ਪੱਧਰ ਦੇ ਪੰਜਾਬੀਆਂ ਦੀ ਰੂਹ ਦੀ ਖ਼ੁਰਾਕ ਬਣਦੇ ਹਨ, ਜੋ ਘਰ-ਪਰਿਵਾਰ 'ਚ ਬੈਠਿਆਂ ਧੀਆਂ, ਭੈਣਾਂ, ਮਾਵਾਂ, ਭਰਾਵਾਂ, ਚਾਚਿਆਂ, ਤਾਇਆਂ ਆਦਿ ਸਭਨਾਂ ਰਿਸ਼ਤਿਆਂ 'ਚ ਵਿਚਰਦਿਆਂ, ਸਭਨਾਂ ਦੇ ਦਿਲਾਂ ਨੂੰ ਟੁੰਬਦੇ ਹੋਏ ਵਾਹਵਾ ਖੱਟਦੇ ਹਨ।

ਸੁਹਜ-ਸੁਹੱਪਣ ਅਤੇ ਵਿਅੰਗ ਨੂੰ ਪੇਸ਼ ਵੀ ਕਰਨ ਲੈਣਾ ਅਤੇ ਖਪਤਕਾਰੀ ਜਾਂ ਦੇਹ-ਵਾਦੀ ਰੁਚੀਆਂ ਵੱਲ ਉਲਾਰ ਵੀ ਨਾ ਹੋਣਾ, ਇਨ੍ਹਾਂ ਗੀਤਾਂ ਦੀਆਂ ਸਾਂਝੀਆਂ ਵਿਸ਼ੇਸ਼ਤਾਈਆਂ ਹਨ। ਕੁਝ ਰੰਗ ਵੇਖੋ-

ੳ) ਗੋਰੇ ਗੋਰੇ ਮੁਖੜੇ 'ਚ ਕਹਿਰ ਦਾ ਸ਼ਬਾਬ ਸੀ
ਸਿਰ ਫ਼ੁਲਕਾਰੀ ਉਤੋਂ ਰੂਪ ਲਾ-ਜਵਾਬ ਸੀ।
ਵਾਂਗ ਮੋਰਨੀ ਦੇ ਪੈਲਾਂ ਉਹ ਪਾਵੇ
ਭਾਦੋਂ ਦੀ ਦੁਪਹਿਰ ਵਰਗੀ, ਕੁੜੀ ਨਿਖਰੀ ਸ਼ਹਿਰ ਨੂੰ ਜਾਵੇ। (ਪੰਨਾ- 69)

ਅ) ਸ਼ਹਿਰ ਪਟਿਆਲੇ ਵਿਚ ਬਜ਼ਾਰਾਂ, ਪਾ ਕੇ ਫਿਰਨ ਖੁਲ੍ਹੀਆਂ ਸਲਵਾਰਾਂ
ਜਾਂਦੀਆਂ ਔਹ ਵੇਖੋ ਸਰਕਾਰਾਂ, ਕਰਕੇ ਹਾਰ ਸ਼ਿੰਗਾਰ ਗਈਆਂ।
ਕੁੜੀਆਂ ਹੁਸਨ ਦੀਆਂ ਪੁੜੀਆਂ, ਦਿਲ ਤੇ ਕਹਿਰ ਗੁਜ਼ਰ ਗਈਆਂ। (ਪੰਨਾ -54)

ੲ) ਮੇਲਾ ਮੁੰਡੇ ਕੁੜੀਆਂ ਦਾ, ਲੱਗਾ ਵੇਖਿਆ ਪੰਜਾਬ ਵਿੱਚ ਸਾਰੇ
ਬਈ ਨੈਣਾਂ 'ਚ ਸਰੂਰ ਮਿੱਤਰੋ, ਮੁੰਡੇ ਮਾਰਦੇ ਫਿਰਨ ਲਲਕਾਰੇ। (ਪੰਨਾ - 48)



ਸ) ਯਾਰੀ ਪਿੱਛੇ ਮੌਤ ਨੂੰ ਮਖੌਲ ਕਰਦੇ, ਸਿਰ ਦਿੰਦੇ ਯਾਰ ਲਈ ਕਦੇ ਨਾ ਡਰਦੇ
ਸਿਰਾਂ ਵੱਟੇ ਇੱਜ਼ਤਾਂ ਨਾ ਕਦੇ ਰੋਲੀਆਂ, ਮਾਲਵੇ ਦੇ ਜੱਟ ਫਿਰ ਪਾਉਣ ਬੋਲੀਆਂ।
(ਪੰਨਾ -34)

ਹ) ਦਿਲ 'ਤੇ ਕਹਿਰ ਕਮਾਉਂਦੀ ਫਿਰਦੀ, ਸਾਊਥ ਹਾਲ ਵਿਚ ਗਾਉਂਦੀ ਫਿਰਦੀ
ਲੰਡਨ ਸ਼ਹਿਰ ਨਚਾਉਂਦੀ ਫਿਰਦੀ, ਸੁਹਣੀ ਕੁੜੀ ਪੰਜਾਬ ਦੀ
ਜਿੱਧਰ ਵੀ ਚਰਚਾ ਹੁੰਦੀ, ਹੁੰਦੀ ਏ ਬਸ ਜਨਾਬ ਦੀ। (ਪੰਨਾ - 23)

ਕ) ਅੱਜ ਕੱਲ੍ਹ ਮੁੰਡੇ ਕੁੜੀਆਂ ਦੇ ਵਿਚ ਰੇਸ ਹੈ ਮੋਟਰ ਕਾਰਾਂ ਦੀ
ਜਿਸ ਦੇ ਕੋਲ ਹੈ ਚੰਗੀ ਗੱਡੀ, ਉਥੇ ਮਹਿਫ਼ਲ ਯਾਰਾਂ ਦੀ। (ਪੰਨਾ - 60)

ਮੇਲਾ, ਚੜ੍ਹਦੀ ਜਵਾਨੀ, ਫ਼ੁਲਕਾਰੀ, ਸ਼ਬਾਬ, ਢੋਲ, ਸੌਣ-ਭਾਦੋਂ ਮਹੀਨਾ, ਦਿਲ, ਯਾਰੀ ਅਜਿਹੇ ਸਹਿਜ ਸ਼ਬਦ ਹਨ ਜੋ ਇਨ੍ਹਾਂ ਗੀਤਾਂ 'ਚ ਸ਼ਾਮਿਲ ਹੋ ਕੇ ਨਵੇਂ ਨਵੇਂ ਪ੍ਰਤੀਕ ਸਿਰਜ ਜਾਂਦੇ ਹਨ ਅਤੇ ਅਜਿਹੇ ਬਿੰਬ ਉਭਾਰਦੇ ਹਨ, ਜਿਨ੍ਹਾਂ 'ਚੋਂ ਮਾਨਵ-ਜਾਤੀ ਪ੍ਰਤੀ ਪਿਆਰ, ਹਮਦਰਦੀ, ਖੁਸ਼ੀ-ਖੇੜੀ ਅਤੇ ਹੋਰ ਬਹੁਤ ਕੁਝ ਚੰਗਾ ਚੰਗਾ ਲੱਗਣ ਦੀ ਪ੍ਰਬਲ ਲੋਚਾ ਪੈਦਾ ਹੋ ਜਾਂਦੀ ਹੈ। ਅਜਿਹੀ ਗੀਤਕਾਰੀ ਨਵੇਂ ਗੀਤ ਲੇਖਕਾਂ ਅਤੇ ਗਾਇਕਾਂ ਵਾਸਤੇ ਇਕ ਪ੍ਰੇਰਨਾ ਦਾ ਸਰੋਤ ਵੀ ਸਾਬਤ ਹੋ ਸਕਦੀ ਹੈ।

**ਵੱਲੋਂ**
**ਡਾ. ਜਗੀਰ ਸਿੰਘ ਨੂਰ**
**ੳ-9, ਚਾਹਲ ਨਗਰ, ਫਗਵਾੜਾ -144401**
***98142-09732***

◆◆◆